ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਬੰਦੀ ਛੋੜ ਦਾਤਾ



ਸਾਖੀ

## ਗੁਰਦੁਆਰਾ ਗੁਪਤਸਰ ਸਾਹਿਬ, ਮਨਮਾੜ

ਲੇਖਕ : ਗਿਆਨੀ ਬਲਵੰਤ ਸਿੰਘ ਬੰਦੀ



ਬਾਲਾ ਰਾਉ ਅਤੇ ਰੁਸਤਮ ਰਾਉ ਦੇ ਹੱਥਾਂ ਦੇ ਕੜੇ

# ਬੰਦੀ ਛੋੜ ਦਾਤਾ

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘਜੀ ਮਹਾਰਾਜ ਨੇ ਜਿਥੇ ਪਟਨੇ ਦੀ ਧਰਤੀ ਨੂੰ ਨਿਵਾਜਿਆ ਉਥੇ ਆਪਣੀ ਜਵਾਨੀ ਦਾ ਸੁੰਦਰ ਸਮਾਂ ਸ੍ਰੀ ਅਨੰਦਪੁਰ ਸਾਹਿਬ ਦੀਆਂ ਰਮਣੀਕ ਪਹਾੜੀਆਂ ਵਿਚ ਗੁਜ਼ਾਰਿਆ ਤੇ ਫਿਰ ਦਖਣ ਦੀ ਪਾਵਨ ਧਰਤੀ ਨੂੰ ਮਾਨ ਦੇਣ ਲਈ ਨੰਦੇੜ ਪਧਾਰੇ। ਕੋਈ ੨੯ ਸਾਲ ਹਜ਼ੂਰ ਸ੍ਰੀ ਅਨੰਦਪੁਰ ਸਾਹਿਬ ਰਹੇ ਤੇ ਕੁਲ ੧੪ ਜੰਗਾਂ ਲੜੀਆਂ, ਜਿਸ ਵਿਚ ਫ਼ਤਿਹ ਸਦੀਵ ਖਾਲਸੇ ਦੀ ਹੀ ਰਹੀ। ਹਜ਼ੂਰ ਦਾ ਕਿਸੇ ਕੌਮ ਜਾਂ ਧਰਮ ਨਾਲ ਕੋਈ ਵੈਰ ਨਹੀਂ ਸੀ ਉਹ ਨਿਰਵੈਰ ਪੁਰਖ ਸਨ। ਵੈਰ ਸੀ ਤਾਂ ਕੇਵਲ ਜ਼ੋਰ ਜ਼ੁਲਮ ਨਾਲ, ਧਕੇ ਨਾਲ ਜਾਂ ਪਾਪੀ ਦੇ ਪਾਪ ਨਾਲ। ਮਹਾਰਾਜ ਨੇ ਆਪਣਾ ਮਾਤ ਲੋਕ ਵਿਚ ਆਉਣ ਦਾ ਮਨੋਰਥ ਦਸਦਿਆਂ ਕਿੰਨਾ ਸਪਸ਼ਟ ਕਿਹਾ ਹੈ :-

ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤੁ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ।

ਕੋਈ ੯ ਸਾਲ ਦੀ ਉਮਰ ਵਿਚ ਕਸ਼ਮੀਰੀ ਪੰਡਤਾਂ ਦੀ ਧਰਮ ਹਾਨੀ ਹੁੰਦੀ ਨਾ ਸਹਾਰਦੇ ਹੋਏ ਆਪਣੇ ਪਿਆਰੇ ਪਿਤਾ ਦਾ ਬਲੀਦਾਨ ਹੋਣਾ ਪ੍ਰਵਾਨ ਕਰ ਲਿਆ। ਇੰਨੀ ਛੋਟੀ ਉਮਰ ਵਿਚ

ਗੁਰੂ ਗਦੀ ਦਾ ਭਾਰ ਆਪ ਜੀ ਦੇ ਮੋਢਿਆਂ ਤੇ ਰਖਿਆ ਗਿਆ ਜਿਸ ਨੂੰ ਆਪ ਨੇ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ। ਜਦੋਂ ਭਾਈ ਜੈਤਾ ਜੀ ਗੁਰੂ ਪਿਤਾ ਦਾ ਸੀਸ ਲੈ ਕੇ ਅਨੰਦਪੁਰ ਪੁਜਾ ਤਾਂ ਆਪ ਜੀ ਨੇ ਅਕਾਲ ਪੁਰਖ ਦੇ ਇਸ ਭਾਣੇ ਨੂੰ ਕਿੰਨਾ ਚੜ੍ਹਦੀਆਂ ਕਲਾਂ ਵਿਚ ਮੰਨਿਆ ਸੀ। ਹਜ਼ੂਰ ਨੇ ਬੜੀ ਗੰਭੀਰਤਾ ਨਾਲ ਸਾਰੇ ਹਾਲਾਤ ਨੂੰ ਵੀਚਾਰਿਆ। ਅਕਾਰਨ ਕਿਸੇ ਨਾਲ ਖੰਡਾ ਖੜਕਾਉਣ ਨੂੰ ਉਚਿਤ ਨਾ ਸਮਝਦਿਆਂ, ਸ੍ਰੀ ਅਨੰਦਪੁਰ ਸਾਹਿਬ ਨੂੰ ਵੀ ਛਡਕੇ ਕੁਝ ਸਮੇਂ ਲਈ ਸ੍ਰੀ ਪਾਉਂਟਾ ਸਾਹਿਬ (ਨਾਹਨ) ਜਾ ਵਸੇ; ਪ੍ਰੰਤੂ ਹੰਕਾਰੀ ਬਾਈ ਧਾਰ ਰਾਜਪੂਤਾਂ ਨੇ ਉਥੇ ਜਾ ਲੋਹਾ ਲਿਆ। ਭੰਗਾਣੀ ਦੇ ਮੁਕਾਮ ਤੇ ਭਾਰੀ ਯੁਧ ਹੋਇਆ ਜਿਸ ਵਿਚ ਸਾਰੀ ਬਾਈਧਾਰ ਨੂੰ ਐਸੀ ਕਰਾਰੀ ਸ਼ਿਕੱਸਤ ਦਿਤੀ ਜੋ ਫਿਰ ਉਨ੍ਹਾਂ ਦਾ ਕਦੇ ਵੀ ਗੁਰੂ ਜੀ ਨਾਲ ਲੜਨ ਦਾ ਹੀਆ ਹੀ ਨਹੀਂ ਪਿਆ। ਇਹ ਹਜ਼ੂਰ ਦੀ ਪਹਿਲੀ ਜੰਗ ਸੀ। ਇਸ ਦੇ ਬਾਅਦ ਨਦੌਣ ਦਾ .....ਹੁਸੈਨੀ ਦਾ .....ਅਨੰਦਪੁਰ ਸਾਹਿਬ ਦਾ......ਚਮਕੌਰ ਸਾਹਿਬ ਅਤੇ ਮੁਕਤਸਰ ਸਾਹਿਬ ਦੇ ਭਾਰੀ ਜੰਗ ਲੜੇ, ਜਿਸ ਨੇ ਸਾਰੀ ਦੁਸ਼ਮਨ ਸੈਨਾ ਨੂੰ ਹੈਰਾਨ ਕਰਕੇ ਰਖ ਦਿਤਾ। ਸ੍ਰੀ ਅਨੰਦਪੁਰ ਸਾਹਿਬ ਦਾ ਘੇਰਾ ਪਿਆਂ ਜਦੋਂ ਕਈ ਮਹੀਨੇ ਲੰਘ ਗਏ ਤਾਂ ਦੁਸ਼ਮਨਾਂ ਨੇ ਕੋਈ ਪੇਸ਼ ਨ ਜਾਂਦੀ ਵੇਖ ਕੇ ਇਕ ਕੂਟਲ ਚਾਲ ਚਲੀ। ਹੁਣ ਦੁਸ਼ਮਨਾਂ ਵਲੋਂ ਕੁਰਾਨ ਸ਼ਰੀਫ ਦੀ ਤੇ ਗੀਤਾ ਦੀ ਕਸਮ ਚੁਕੀ ਗਈ। ਹਜ਼ੂਰ ਇਹਨਾਂ ਮਕਾਰਾਂ ਦੀ ਨੀਅਤ ਨੂੰ ਜਾਣਦੇ ਸਨ ਪ੍ਰੰਤੂ ਸਿੰਘਾਂ ਦੇ ਜੋ ਭੁਖ ਦੇ ਦੁਖੋਂ ਕਾਫੀ ਆਤੁਰ ਸਨ, ਕਾਫ਼ੀ

ਮਜਬੂਰ ਕਰਨ ਤੇ ੪ ਦਸੰਬਰ, ੧੭੦੪ ਨੂੰ ਕਿਲ੍ਹਾ ਖਾਲੀ ਕਰ ਕੇ ਚਲ ਪਏ। ਹਾਲਾਂ ਸਰਸਾ ਨਦੀ ਤਕ ਵੀ ਨਹੀਂ ਸੀ ਪਹੁੰਚੇ ਜੋ ਪਾਮਰ ਦੁਸ਼ਮਨ ਨੇ ਭਾਰੀ ਹੱਲਾ ਕਰ ਦਿਤਾ। ਸਰਸਾ ਨਦੀ ਦੇ ਕੰਢੇ ਭਾਰੀ ਜੰਗ ਹੋਇਆ। ਸਿੰਘਾਂ ਦਾ ਕਾਫੀ ਨੁਕਸਾਨ ਹੋਇਆ। ਗੁਰੂ ਮਹਾਰਾਜ ਜੀ ਦਾ ਸਾਰਾ ਪ੍ਰਵਾਰ ਵਿਛੜ ਗਿਆ। ਆਪ ੪੫ ਕੁ ਭੁਖੇ ਭਾਣੇ ਸਿੰਘਾਂ ਨਾਲ ੨੨ ਦਸੰਬਰ ਨੂੰ ਚਮਕੌਰ ਪੁਜੇ ਤੇ ਇਕ ਕਚੀ ਗੜ੍ਹੀ ਵਿਚ ਮੋਰਚੇ ਸੰਭਾਲ ਲਏ। ਦੁਸ਼ਮਨ ਨੇ, ਜੋ ਲੱਖਾਂ ਦੀ ਗਿਣਤੀ ਵਿਚ ਪਿਛਾ ਕਰ ਰਿਹਾ ਸੀ, ਆ ਕੇ ਗੜ੍ਹੀ ਨੂੰ ਘੇਰ ਲਿਆ ਤੇ ਲੜਾਈ ਸ਼ੁਰੂ ਹੋ ਗਈ। ਸਾਰਾ ਦਿਨ ਭਾਰੀ ਲੜਾਈ ਹੋਈ। ਗੁਰੂ ਮਹਾਰਾਜ ਜੀ ਦੇ ਤੀਰਾਂ ਦੀ ਵਾਛੜ ਨੇ ਦੁਸ਼ਮਨ ਦੇ ਹੌਸਲੇ ਡੇਗ ਦਿਤੇ। ਭਾਵੇਂ ਸ਼ਾਮ ਪੈਂਦਿਆਂ ਤਕ ਦੋਵੇਂ ਸਾਹਿਬਜ਼ਾਦੇ ਤੇ ਕਾਫੀ ਸਿੰਘ ਸ਼ਹੀਦੀਆਂ ਪਾ ਚੁਕੇ ਸਨ ਪਰ ਹਜ਼ੂਰ ਨੇ ਆਪਣੇ ਮੁਠੀ ਭਰ ਸਿੰਘਾਂ ਦੇ ਨਾਲ, ਸਾਰਾ ਦਿਨ ਦੁਸ਼ਮਨ ਨੂੰ ਗੜ੍ਹੀ ਦੇ ਲਾਗੇ ਫਟਕਣ ਤਕ ਨਹੀਂ ਦਿਤਾ। ਅੰਤ ਰਾਤ ਨੂੰ ਖਾਲਸੇ ਦਾ ਹੁਕਮ ਮੰਨ ਕੇ ਗੜ੍ਹੀ ਛਡ ਦਿਤੀ। ਆਪ ਕੱਲੇ ਹੀ ਬਾਹਰ ਨਿਕਲੇ ਅਤੇ ਦੁਸ਼ਮਨ ਨੂੰ ਵੰਗਾਰਿਆ "ਪੀਰੇ ਹਿੰਦ ਮੇਰਵਦ (ਹਿੰਦ ਦਾ ਪੀਰ ਜਾ ਰਿਹਾ ਹੈ) ਆਓ ਕਿਸ ਨੇ ਰੋਕਣਾ ਹੈ"। ਜੋ ਸਾਹਮਣੇ ਆਇਆ ਮਹਾਰਾਜ ਉਸ ਨੂੰ ਝਾੜਦੇ, ਰਸਤਾ ਬਣਾਉਂਦੇ ਆਪ ਸਿਧਾ ਮਾਛੀਵਾੜੇ ਜਾ ਨਿਕਲੇ। ਉਥੇ ਆਪ ਕੁਛ ਚਿਰ ਆਰਾਮ ਕਰਨ ਲਈ ਢਾਲ ਦਾ ਸਿਰਹਾਣਾ ਬਣਾ ਭੁੰਜੇ ਇੰਨੀ ਸਰਦੀ ਦੇ ਦਿਨਾਂ ਵਿਚ ਲੇਟੇ ਸਨ

ਜੋ ਭਾਈ ਦਇਆ ਸਿੰਘ ਭਾਈ ਧਰਮ ਸਿੰਘ ਜੀ ਨੇ ਆ ਮਥਾ ਟੇਕਿਆ। ਸ਼ਾਹੀ ਸੈਨਾ ਦਾ ਟਿਡੀ ਦਲ ਚਾਰੋਂ ਤਰਫ ਵਿਰ ਰਿਹਾ ਸੀ। ਦੋ ਪਠਾਨ ਭਰਾ ਨਬੀ ਖਾਨ ਤੇ ਗਨੀ ਖਾਨ ਸੇਵਾ ਵਿਚ ਹਾਜ਼ਰ ਹੋਏ। ਹਜ਼ੂਰ ਇਥੋਂ ਉਚ ਦੇ ਪੀਰ ਬਣਕੇ ਸ਼ਾਹੀ ਸੈਨਾਂ ਦੀ ਅੱਖਾਂ ਵਿਚ ਘੱਟਾ ਪਾ ਤੇ ਮਾਲਵੇ ਨੂੰ ਚਲੇ ਗਏ। ਪਿੰਡ ਜਟਪੁਰੇ ਪੁਜੇ ਤਾਂ ਮਾਹੀ ਹਲਕਾਰੇ ਨੇ ਆਣ ਖਬਰ ਦਿਤੀ ਜੋ ਹਜ਼ੂਰ ਦੇ ਦੋਵੇਂ ਛੋਟੇ ਸਾਹਿਬਜ਼ਾਦੇ ਨਵਾਬ ਸਰਹਿੰਦ ਨੇ ਸ਼ਹੀਦ ਕਰ ਦਿਤੇ ਹਨ। ਮਹਾਰਾਜ ਕਾਫੀ ਗੰਭੀਰ ਹੋ ਗਏ। ਜਦੋਂ ਮਾਹੀ ਸਾਰੀ ਦਾਸਤਾਨ ਸੁਣਾ ਹਟਿਆ ਤਾਂ ਬਚਨ ਹੋਇਆ ਜੋ ਅੱਜ ਮੁਗਲ ਰਾਜ ਦੀਆਂ ਜੜ੍ਹਾਂ ਪੁਟੀਆ ਗਈਆਂ ਹਨ। ਹੁਣ ਇਹ ਜ਼ੁਲਮੀ ਰਾਜ ਖੜਾ ਨਹੀਂ ਰਹਿ ਸਕਦਾ। ਫਿਰ ਸ਼ੁਕਰਾਨੇ ਵਜੋਂ ਅਕਾਲ ਪੁਰਖ ਅਗੇ ਸਰਨਗੂ ਹੋਏ। ਏਥੋਂ ਦੀਨੇ ਕਾਂਗੜ ਪਿੰਡ ਗਏ ਤੇ ਔਰੰਗਜ਼ੇਬ ਨੂੰ ਜੋ ਉਸ ਵੇਲੇ ਔਰੰਗਾਬਾਦ ਵਿਚ ਸੀ, ਇਕ ਫਾਰਸੀ ਪੱਤਰ ਜ਼ਫਰਨਾਮਾ ਦੇ ਨਾਮ ਹੇਠ ਲਿਖਿਆ। ਇਸ ਤੋਂ ਪਹਿਲਾਂ ਇਕ ਪੱਤਰ ਫਤਹਿਨਾਮਾ ਦੇ ਨਾਮ ਨਾਲ ਮਾਛੀਵਾੜੇ ਤੋਂ ਵੀ ਔਰੰਗਜ਼ੇਬ ਨੂੰ ਭੇਜ ਚੁਕੇ ਸਨ। ਹਾਲਾਂ ਮਹਾਰਾਜ ਖਿਦਰਾਨੇ ਦੀ ਢਾਬ ਕੋਲ ਹੀ ਸਨ ਜੋ ਦੁਸ਼ਮਨ ਨੇ ਅਚਾਨਕ ਘੇਰਾ ਪਾ ਕੇ ਹਮਲਾ ਕਰ ਦਿਤਾ। ਸ਼ਾਹੀ ਸੈਨਾ ਤਾਂ ਗਿਣਤੀ ਤੋਂ ਬਾਹਰ ਸੀ ਪਰ ਗੁਰੂ ਮਹਾਰਾਜ ਨਾਲ ਗਿਣਤੀ ਦੇ ਚਾਲੀ ਪੰਜਾਹ ਹੀ ਸਿੰਘ ਸਨ। ਭਾਰੀ ਜੰਗ ਹੋਇਆ। ਸ਼ਾਹੀ ਸੈਨਾ ਨੂੰ ਹਾਰ ਹੋਈ ਜੋ ਨਠ ਗਈ। ਹਜ਼ੂਰ ਜਦੋਂ ਸ਼ਹੀਦਾਂ ਦਾ ਸਸਕਾਰ ਕਰ ਰਹੇ ਸਨ ਤਾਂ

ਭਾਈ ਮਹਾਂ ਸਿੰਘ ਜੀ ਨੂੰ ਜੋ ਹਾਲਾਂ ਸਿਸਕ ਰਹੇ ਸਨ, ਚੁਕ ਕੇ ਛਾਤੀ ਨਾਲ ਲਾਇਆ ਤੇ ਬੇਦਾਵਾ ਫਾੜ ਕੇ ਪੰਥ ਨਾਲ ਟੁਟੀ ਗੰਢ ਦਿਤੀ। ਉਧਰ ਜ਼ਫਰਨਾਮੇ ਨੂੰ ਪੜ੍ਹਕੇ ਔਰੰਗਜ਼ੇਬ ਕੰਬ ਉਠਿਆ ਤੇ ਉਸਨੇ ਸ਼ਾਹੀ ਫੁਰਮਾਨ ਸੂਬਾ ਸਰਹਿੰਦ ਦੇ ਨਾਮ ਜਾਰੀ ਕੀਤਾ, ਜੋ ਗੁਰੂ ਮਹਾਰਾਜ ਨਾਲ ਜੰਗ ਬਿਲਕੁਲ ਬੰਦ ਕਰ ਦਿਤੀ ਜਾਵੇ ਅਤੇ ਉਨ੍ਹਾਂ ਨੂੰ ਬੇਨਤੀ ਕਰਕੇ ਸ਼ਾਹੀ ਖਰਚੇ ਤੇ ਮੇਰੇ ਨਾਲ ਮੁਲਾਕਾਤ ਦਾ ਇੰਤਜ਼ਾਮ ਕੀਤਾ ਜਾਵੇ। ਸ਼ਾਹੀ ਅਹਿਲਕਾਰ ਇਹ ਫੁਰਮਾਨ ਜਦੋਂ ਹਜ਼ੂਰ ਕੋਲ ਲੈ ਕੇ ਹਾਜ਼ਰ ਹੋਏ ਤਾਂ ਆਪ ਜੀ ਉਸ ਵਕਤ ਦਮਦਮਾ ਸਾਹਿਬ ਵਿਚ ਸਨ। ਮਹਾਰਾਜ ਨੇ ਫੁਰਮਾਇਆ ਜੋ ਅਸੀਂ ਦਖਨ ਨੂੰ ਜ਼ਰੂਰ ਜਾਵਾਂਗੇ ਪਰ ਆਪਣੇ ਪਰੋਗਰਾਮ ਨਾਲ। ਅਸੀਂ ਆਪ ਚਾਹੁੰਦੇ ਹਾਂ ਜੋ ਗਲ ਬਾਤ ਨਾਲ ਸਾਰਾ ਮਸਲਾ ਹਲ ਹੋ ਜਾਵੇ ਤਾਂ ਬਹੁਤ ਹੀ ਸ਼ੁਭ ਹੈ। ਗੁਰੂ ਮਹਾਰਾਜ ਕੋਈ ਇਕ ਸਾਲ ਦਾ ਸਮਾਂ ਇਥੇ ਬਰਾਜੇ ਤੇ ਹਜ਼ਾਰਾਂ ਪ੍ਰਾਣੀਆਂ ਨੂੰ ਖੰਡੇ ਦੀ ਪਾਹੁਲ ਬਖਸ਼ੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੋਬਾਰਾ ਲਿਖਾਈ ਕਰਵਾਈ। ਆਪ ਆਸਨ ਤੇ ਬੈਠ ਮੂੰਹ ਜ਼ਬਾਨੀ ਗੁਰਬਾਣੀ ਉਚਾਰਦੇ ਜਾਂਦੇ ਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਅਗਸਤ ੧੭੦੮ ਵਿਚ ਇਥੋਂ ਦਖਨ ਨੂੰ ਚਾਲੇ ਪਾਏ। ਹਾਲਾਂ ਆਪ ਬਘੌਰ (ਰਾਜਸਥਾਨ) ਹੀ ਪੁਜੇ ਸਨ ਜੋ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਔਰੰਗੇ ਨੂੰ ਜ਼ਫਰਨਾਮਾ ਦੇ ਵਾਪਸੀ ਤੇ ਆਣ ਮਿਲੇ ਤੇ ਬਾਦਸ਼ਾਹ ਵਲੋਂ ਮੁਲਾਕਾਤ ਲਈ ਬੇਨਤੀ ਸੁਣਾਈ। ਹਾਲਾਂ ਮਹਾਰਾਜ ਇਥੇ ਲਾਗੇ ਹੀ ਸਨ ਜੋ ਔਰੰਗਜ਼ੇਬ ਦੇ

ਮਰਨ ਦੀ ਖਬਰ ਮਿਲੀ। ਮਹਾਰਾਜ ਹੁਣ ਦਿੱਲੀ ਨੂੰ ਵਾਪਸ ਹੋ ਗਏ ਤੇ ਗੁ: ਮੋਤੀ ਬਾਗ ਵਿਖੇ ਆਣ ਬਿਰਾਜੇ। ਇਥੇ ਹੀ ਭਾਈ ਨੰਦ ਲਾਲ ਜੀ ਸ਼ਹਿਜ਼ਾਦਾ ਬਹਾਦਰਸ਼ਾਹ ਦੀ ਮਦਦ ਲਈ ਦਰਖਾਸਤ ਲੈ ਕੇ ਪੁਜੇ ਸਨ। ਔਰੰਗਜ਼ੇਬ ਦੀ ਮੌਤ ਤੇ ਸ਼ਹਿਜ਼ਾਦਿਆਂ ਵਿਚ ਤਖਤ ਲਈ ਜੰਗ ਛਿੜ ਪਈ ਸੀ ਤੇ ਕਰੀਬਨ ਸਾਰੀ ਫ਼ੌਜ ਤਾਰਾ ਆਜ਼ਮ ਦੇ ਮਾਤਹਿਤ ਸੀ। ਹਜ਼ੂਰ ਵਲੋਂ ਕੁਝ ਸ਼ਰਤਾਂ ਰਖੀਆਂ ਗਈਆਂ, ਮੁਖ ਸ਼ਰਤ ਸੀ – ਨਵਾਬ ਸਰਹੰਦ ਤੇ ਹੋਰ ਜ਼ੁਲਮੀ ਹਾਕਮਾਂ ਨੂੰ ਯੋਗ ਦੰਡ ਦੇਣਾ ਆਦਿ ਜੋ ਸ਼ਹਿਜ਼ਾਦਾ ਬਹਾਦਰਸ਼ਾਹ ਨੇ ਲਿਖਤੀ ਰੂਪ ਵਿਚ ਮੰਨ ਲਈਆਂ। ਗੁਰੂ ਜੀ ਨੇ ਖਾਲਸਾ ਫੌਜ ਨੂੰ ਭਾਈ ਦਇਆ ਸਿੰਘ ਦੀ ਕਮਾਨ ਵਿਚ ਬਹਾਦਰਸ਼ਾਹ ਦੀ ਮਦਦ ਤੇ ਭੇਜਿਆ। ਆਗਰੇ ਨੇੜੇ ਜੇਜੂ ਦੇ ਮੁਕਾਮ ਤੇ ਭਾਰੀ ਜੰਗ ਹੋਇਆ ਜਿਸ ਵਿਚ ਤਾਰਾ ਆਜ਼ਮ ਮਾਰਿਆ ਗਿਆ। ਬਹਾਦਰਸ਼ਾਹ ਤਖਤੋਤਾਜ ਦਾ ਮਾਲਕ ਬਣਿਆ ਤਾਂ ਗੁਰੂ ਜੀ ਨੂੰ ਬੇਨਤੀ ਕਰਕੇ ਦਿੱਲੀ ਤੋਂ ਆਗਰੇ ਮੰਗਵਾਇਆ ਤੇ ਬੇਅੰਤ ਭੇਟਾਵਾਂ ਅਰਪਨ ਕਰਕੇ ਆਪਣੇ ਪੀਰਾਂ ਵਾਂਗੂੰ ਆਦਰ ਮਾਨ ਕੀਤਾ। ਹਜ਼ੂਰ ਚਾਰ ਮਹੀਨੇ ਆਗਰੇ ਰਹੇ ਜਦੋਂ ਬਾਦਸ਼ਾਹ ਨੂੰ ਆਪਣੀ ਸ਼ਰਤ ਪੂਰੀ ਕਰਨ ਲਈ ਕਿਹਾ ਤਾਂ ਟਾਲ ਮਟੋਲ ਕਰਕੇ ਕੁਛ ਹੋਰ ਸਮਾਂ ਮੰਗਣ ਲਗਾ ਜੋ ਹਾਲਾਂ ਕਾਮਬਖਸ਼ (ਛੋਟਾ ਭਰਾ), ਜੋ ਦੱਖਣ ਵਿਚ ਬਗਾਵਤ ਕਰੀ ਬੈਠਾ ਹੈ, ਉਸ ਨੂੰ ਸੋਧਨਾ ਹੈ। ਹੁਣ ਬਾਦਸ਼ਾਹ ਨੇ ਦਖਣ ਦੀ ਮੁਹਿੰਮ ਦੀ ਤਿਆਰੀ ਕੀਤੀ ਤਾਂ ਗੁਰੂ ਮਹਾਰਾਜ ਜੀ ਨੂੰ ਨਾਲ ਚਲਣ ਲਈ ਬੇਨਤੀ ਕੀਤੀ।

ਬਾਦਸ਼ਾਹ ਦੀ ਬੇਨਤੀ ਤੇ ਹਜ਼ੂਰ ਨੇ ਦਖਣ ਨੂੰ ਚਾਲੇ ਪਾ ਦਿਤੇ। ਮਹਾਰਾਜ ਹਾਲਾਂ ਵੀ ਇਸੀ ਕੋਸ਼ਿਸ਼ ਵਿਚ ਸਨ ਕਿ ਗਲ ਸਿਰੇ ਚੜ੍ਹ ਜਾਵੇ ਪਰ ਜਦੋਂ ਬਾਦਸ਼ਾਹ ਆਪਣੇ ਬਚਨਾਂ ਤੇ ਪੂਰਾ ਉਤਰਦਾ ਨਾ ਵੇਖਿਆ ਤਾਂ ਹਜ਼ੂਰ ਨੇ ਉਸ ਨੂੰ ਸਾਫ਼ ਕਹਿ ਦਿਤਾ ਜੋ ਅਸੀਂ ਆਪਣਾ ਬੰਦਾ ਭੇਜ ਕੇ ਇਹ ਕੰਮ ਉਸ ਤੋਂ ਕਰਾ ਲਵਾਂਗੇ। ਮਹਾਰਾਜ ਹੁਣ ਨੰਦੇੜ ਪੁਜ ਗਏ ਸਨ। ਇਥੇ ਹੀ ਗੁਦਾਵਰੀ ਦੇ ਕੰਢੇ ਡੇਰੇ ਲਾ ਲਏ ਤੇ ਬਾਦਸ਼ਾਹ ਅਸੀਸ ਲੈ ਕੇ ਅਗੇ ਹੈਦਰਾਬਾਦ ਨੂੰ ਚਲਾ ਗਿਆ। ਹਜ਼ੂਰ ਦਖਣ ਦੇ ਰਸਤੇ ਵਿਚ ਜਦੋਂ ਬੁਰਹਾਨ ਪੁਰ ਠਹਿਰੇ ਹੋਏ ਸੀ ਤਾਂ ਉਥੇ ਦਾਦੂ ਦੁਆਰੇ ਦਾ ਮਹੰਤ ਜੈਤ ਰਾਮ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਆਇਆ ਤੇ ਇਹਤਿਆਤ ਦੇ ਤੌਰ ਤੇ ਬੇਨਤੀ ਕੀਤੀ ਜੋ ਆਪ ਜੀ ਦਖਨ ਵਲ ਚਲੇ ਹੋ ਉਥੇ ਨੰਦੇੜ ਗੁਦਾਵਰੀ ਦੇ ਕੰਢੇ ਇਕ ਚੇਟਕੀ ਸੰਤ ਮਾਧੋ ਦਾਸ ਰਹਿੰਦਾ ਹੈ ਉਸਦੇ ਡੇਰੇ ਨਾ ਜਾਣਾ ਕਿਉਂ ਜੋ ਉਸਦੀ ਉਸਨੇ ਪਲੰਘ ਉਲਟਾ ਕੇ ਕਾਫੀ ਹਾਸੀ ਕੀਤੀ ਸੀ ਤੇ ਜੈਤ ਰਾਮ ਹੁਣ ਵੀ ਉਹ ਅਪਮਾਨ ਯਾਦ ਕਰ ਕੇ ਕੰਬ ਉਠਿਆ ਸੀ। ਹਜ਼ੂਰ ਉਸਦੀ ਹਾਲਤ ਦੇਖਕੇ ਮੁਸਕਰਾ ਪਏ ਫਿਰ ਬਚਨ ਕੀਤਾ ਜੋ ਫਿਕਰ ਚਿੰਤਾ ਦੀ ਕੋਈ ਗਲ ਨਹੀਂ, ਉਸ ਨੂੰ ਸੋਧਨ ਚਲੇ ਹਾਂ, ਉਸ ਨੂੰ ਬੰਦਾ ਬਣਾਉਣਾ ਹੈ। ਨੰਦੇੜ ਪਹੁੰਚਣ ਤੇ ਹਜ਼ੂਰ ਨੇ ਸਭ ਤੋਂ ਪਹਿਲਾਂ ਆਪਣੇ ਸਤਿਜੁਗੀ ਤਪ ਅਸਥਾਨ ਸ੍ਰੀ ਸਚਖੰਡ ਸਾਹਿਬ ਜੀ ਨੂੰ ਪ੍ਰਗਟ ਕੀਤਾ ਤੇ ਤਖਤ ਥਾਪਿਆ। ਫਿਰ ਮਾਧੋ ਦਾਸ ਦੀ ਸੁਧਾਈ ਕਰ ਬੰਦਾ ਬਣਾ ਕੇ ਮਲੇਛਾਂ ਪਾਪੀਆਂ ਦੇ

ਸੋਧਣ ਲਈ ਆਪਣੇ ਪੰਜ ਤੀਰ ਬਖਸ਼ ਕੇ ਪੰਜਾਬ ਨੂੰ ਤੋਰਿਆ। ਗੁਰਦੁਆਰਾ ਸ਼ਿਕਾਰਘਾਟ ਉਤੇ ਸਿਆਲਕੋਟ ਵਾਲੇ ਮੂਲੇ ਖਤਰੀ ਦਾ ਸਹੇ ਦੀ ਜੂਨ 'ਚੋਂ ਉਧਾਰ ਕੀਤਾ। ਨਗੀਨਾ ਘਾਟ, ਹੀਰਾ ਘਾਟ, ਮਾਲਟੇਕੜੀ, ਸੰਗਤ ਸਾਹਿਬ ਆਦਿ ਗੁਰਦੁਆਰੇ ਪ੍ਰਗਟ ਕਰਕੇ ਅਤੇ ਕਤਕ ਸੁਦੀ ਦੂਜੀ ਨੂੰ ਭਾਰੀ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਪੰਜ ਪੈਸੇ ਅਤੇ ਨਲੇਰ ਰੱਖ, ਮੱਥਾ ਟੇਕ ਕੇ ਗੁਰਿਆਈ ਤਿਲਕ ਬਖਸ਼ਿਆ ਤੇ ਕਤਕ ਸੁਦੀ ਪੰਚਮੀ ੧੭੬੫ ਬਿਕ੍ਰਮੀ ਨੂੰ ਇਥੇ ਹੀ ਜੋਤੀ ਜੋਤਿ ਸਮਾ ਗਏ। ਅਕਾਸ਼ ਵਿਚ ਭਾਰੀ ਪ੍ਰਕਾਸ਼ ਹੋਇਆ, ਸੁਰਗਣ ਦੇਵੀ ਦੇਵਤੇ ਅਕਾਸ਼ ਵਿਚ ਜੈ ਜੈ ਕਾਰ ਤੇ ਫੁਲ ਵਰਸਾਉਂਦੇ ਨਜ਼ਰੀ ਪਏ। ਸਵੇਰੇ ਮਹਾਰਾਜ ਨੇ ਲੰਗਰ ਲਈ ਲਕੜੀਆਂ ਲਿਆਉਣ ਗਏ ਇਕ ਸਿੰਘ ਨੂੰ ਦਰਸ਼ਨ ਦਿਤੇ ਤੇ ਖਾਲਸੇ ਪ੍ਰਤੀ ਸੁਨੇਹਾ ਭੇਜਿਆ ਜੋ ਅਸੀਂ ਖਾਲਸੇ ਦੇ ਸਦੀਵ ਅੰਗ ਸੰਗ ਹਾਂ, ਰੁਦਨ ਨਹੀਂ ਕਰਨਾ, ਕੀਰਤਨ ਕਰਨਾ ਹੈ, ਨਾਮ ਜਪਨਾ ਹੈ। ਫਿਰ ਪਹਿਰ ਦਿਨ ਚੜ੍ਹੇ ਰਤਨਾ-ਗਿਰੀ ਪਹਾੜੀ ( ਜੋ ਅਠ ਦਸ ਮੀਲ ਤੇ ਹੈ ) ਕੋਲ ਦਰਸ਼ਨਾਂ ਦੀ ਤਾਂਘ ਵਿਚ ਬੈਠੇ ਇਕ ਉਦਾਸੀ ਸੰਤ ਨੂੰ ਦਰਸ਼ਨ ਬਖਸ਼ੇ ਤੇ ਸੁਨੇਹਾ ਭੇਜ ਕੇ ਖਾਲਸੇ ਨੂੰ ਰੁਦਨ ਕਰਨੋਂ ਹਟਾਇਆ। ਹਜ਼ੂਰ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਾਰੇ ਤਖਤਾਂ ਤੇ ਯੋਗ ਗੁਰਮੁਖਾਂ ਦੀ ਸੇਵਾ ਲਾਈ। ਇਸ ਤਖਤ ਸ੍ਰੀ ਅਬਚਲਨਗਰ ਜੀ ਤੇ ਆਪਣੇ ਗੜ੍ਹਵਈ ਸੇਵਕ ਭਾਈ ਸੰਤੋਖ ਸਿੰਘ ਜੀ ਦੀ ਸੇਵਾ ਲਾਈ ਤੇ ਹੁਕਮ ਕੀਤਾ ਜੋ ਇਥੇ ਦੇਗ ਤੇਗ ਦਾ ਪਹਿਰਾ ਰਖਣਾ ਹੈ, ਮੰਦਰ

ਨਹੀਂ ਬਨਾਉਣੇ ।

ਇਕ ਸੰਤੋਖ ਸਿੰਘ ਯੁਤਿ ਰਹਿਤ ।
ਤਿਸ ਸੰਗ ਬੋਲੇ ਕਰਣਾ ਸਹਿਤ ।
ਇਸ ਥਲ ਰਹਹੁ ਦੇਗ ਬਰਤਾਵਹੁ ।
ਸਰਧਾ ਜੁਤ ਜੋ ਸਿੰਘ ਟਿਕਾਵਹੁ ।
ਦਰਬੁ ਅਸੰਖ ਇਹਾਂ ਜੋ ਆਇ ।
ਤਿਸਤੇ ਨਹਿ ਮੰਦਰ ਚਿਨਵਾਇ ।
ਕਰਹੁ ਪਕਾਵਨ ਦੇਹ ਵਰਤਾਇ ।
ਧਨ ਕੀ ਚਿੰਤਾ ਨ ਕਰੀਏ ਕਾਇ ।

ਆਪ ਜੀ ਨੇ ਲੰਗਰ ਪਕਾ ਕੇ ਵਰਤਾਈ ਜਾਣਾ । ਕਿਸੇ ਗਲ ਦੀ ਕਮੀ ਨਹੀਂ ਆਵੇਗੀ । ਧਨ ਦੀ ਚਿੰਤਾ ਨਹੀਂ ਕਰਨੀ । ਜਿੰਨਾ ਦਰਬ ਆਏ ਸਭ ਲੰਗਰ ਵਿਚ ਖਰਚ ਕਰੀ ਜਾਣਾ ਇਹ ਦੇਸ ਵੀ ਮੇਰੇ ਖਾਲਸੇ ਤੋਂ ਵਾਂਝਾ ਨਹੀਂ ਰਹੇਗਾ । ਫਿਰ ਭਾਈ ਸਾਹਿਬ ਦੇ ਮਨ ਦੀਆਂ ਸ਼ੰਕਾਵਾਂ ਨੂੰ ਅਨਭਵ ਕਰਕੇ ਹਜ਼ੂਰ ਨੇ ਭਵਿਖ ਵਾਕ ਵੀ ਕਹਿ ਦਿਤੇ । "ਜਦੋਂ ਲੰਗਰ ਦਾ ਪਹਿਰਾ ਢਿਲਾ ਹੁੰਦਾ ਦੇਖਾਂਗੇ ਤਾਂ ਅਸੀਂ ਆਪ ਹੀ ਇਕ ਦੋ ਸੰਤ ਮਹਾਤਮਾ ਇਸ ਲਈ ਭੇਜਾਂਗੇ, ਜੋ ਲੰਗਰ ਨੂੰ ਚੜ੍ਹਦੀਆਂ ਕਲਾਂ ਵਿਚ ਚਲਾਉਣਗੇ ।"

ਸ੍ਰੀ ਮੁਖ ਤੇ ਪੁਨ ਧੀਰਜ ਦੀਨ । ਦੇਸ ਨ ਰਹੇ ਸਿੰਘਨ ਤੇ ਹੀਨ ।
ਇਕ ਦੋ ਬ੍ਰਿੰਦਕ ਇਹਾਂ ਬਨੇ ਹੈਂ । ਜੋ ਸੰਪੂਰਨ ਦੇਗ ਚਲੈ ਹੈਂ ।

ਸਮਾਂ ਪਾ ਕੇ ਇਥੇ ਗੁਰੂ ਕੇ ਲੰਗਰ ਦਾ ਪਹਿਰਾ ਕਾਫੀ ਢਿਲਾ ਹੋ ਗਿਆ ਤੇ ਕੇਵਲ ਇਕ ਵੇਲੇ ਸਵੇਰੇ ਹੀ ਲੰਗਰ ਦੀ ਹਾਜ਼ਰੀ ਭਰਨ ਲਗੀ ਤਾਂ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਮਨ, ਇਹ ਦੇਖ ਕੇ, ਬਹੁਤ ਉਪ੍ਰਾਮ ਹੋ ਜਾਂਦਾ। ਆਪ ਉਸ ਵੇਲੇ ਸ੍ਰੀ ਸਚਖੰਡ ਸਾਹਿਬ ਵਿਚ ਜਲ ਅਤੇ ਝਾੜੂ ਆਦਿ ਦੀ ਅਨਥਕ ਸੇਵਾ ਕਰ ਰਹੇ ਸਨ। ਦਿਨੇ ਗੁਰੂ ਸੇਵਾ ਵਿਚ ਗੁਜ਼ਾਰਨਾ ਤੇ ਸਾਰੀ ਰਾਤ ਇਕਤਾਰੇ ਨਾਲ ਹੌਲੀ ਹੌਲੀ ਸ਼ਬਦ ਪੜ੍ਹਦੇ, ਪ੍ਰਕਰਮਾਂ ਵਿਚ ਨਾਮ ਸਿਮਰਨ ਵਿਚ ਬੈਠਕੇ ਗੁਜ਼ਾਰਨੀ। ਗੁਰੂ ਕੇ ਲੰਗਰ ਦਾ ਪਹਿਰਾ ਢਿਲਾ ਦੇਖਕੇ ਇਕ ਦਿਨ ਆਪ ਬਹੁਤ ਹੀ ਉਦਾਸ ਹੋ, ਪੰਜਾਬ ਵਾਪਸ ਜਾਣ ਦੀ ਤਿਆਰੀ ਕਰਕੇ ਸਟੇਸ਼ਨ ਤੇ ਆ ਗਏ ਅਤੇ ਗੱਡੀ ਦੀ ਇੰਤਜ਼ਾਰ ਵਿਚ ਬਾਹਰ ਇਕ ਇਮਲੀ ਦੇ ਝਾੜ ਥਲੇ ਬੈਠ ਗਏ ਅਤੇ ਸਮਾਧੀ ਲਗ ਗਈ।

ਅਧੀ ਰਾਤ ਦਾ ਸਮਾਂ ਸੀ ਜੋ ਅਚਾਨਕ ਭਾਰੀ ਪ੍ਰਕਾਸ਼ ਹੋਇਆ। ਬਾਬਾ ਜੀ ਦੀਆਂ ਅਖਾਂ ਰਬੀ ਰੌਸ਼ਨੀ ਨਾਲ ਖੁਲ੍ਹ ਗਈਆਂ, ਕੀ ਦੇਖਦੇ ਹਨ, ਅਰਸ਼ਾਂ ਦੇ ਵਾਲੀ ਫ਼ਰਸ਼ਾਂ ਤੇ ਖੜੇ ਦਰਸ਼ਨ ਦੇ ਰਹੇ ਹਨ, ਝਟ ਚਰਨਾਂ ਤੇ ਡਿਗ ਪਏ, ਤੇ ਅਖਾਂ ਤੋਂ ਛਮਾਂ ਛਮ ਹੰਝੂ ਵਗਣ ਲਗੇ ਜਿਵੇਂ ਵੈਰਾਗ ਦਾ ਕੋਈ ਹੜ੍ਹ ਆ ਗਿਆ ਸੀ। ਗਰੀਬ ਨਿਵਾਜ ਨੇ ਉਠਾ ਕੇ ਛਾਤੀ ਨਾਲ ਲਾਇਆ ਤੇ ਹੁਕਮ ਕੀਤਾ "ਸਾਨੂੰ ਛੋੜ ਕੇ ਕਿਥੇ ਚਲੇ ਹੋ, ਤੁਹਾਥੋਂ ਬਹੁਤ ਸੇਵਾ ਲੈਣੀ ਹੈ, ਜਾਓ ਲੰਗਰ ਤੇ ਲੰਗਰ ਚਲਾਓ"। ਇਹ ਲੰਗਰ ਦੀ ਸੇਵਾ ਸੁਣ ਕੇ ਬਾਬਾ ਜੀ ਦਾ ਮਨ ਬਹੁਤ ਹੀ ਪ੍ਰਸੰਨ

ਹੋ ਉਠਿਆ ਤਾਂ ਨਾਲ ਹੀ ਹੋਰ ਬਖਸ਼ਿਸ਼ ਕਰਦਿਆਂ ਹਜ਼ੂਰ ਨੇ ਵਰ ਦਿਤਾ "ਅਜ ਤੋਂ ਖੀਸਾ ਮੇਰਾ ਹੱਥ ਤੇਰਾ, ਤੋਟ ਨਹੀਂ ਆਵੇਗੀ"। ਸ੍ਰੀ ਕਲਗੀਧਰ ਪਿਤਾ ਜੀ ਤੋਂ ਇਹ ਵਰ ਲੈ ਕੇ ਬਾਬਾ ਨਿਧਾਨ ਸਿੰਘ ਜੀ ਕਿਸੇ ਅਗੰਮੀ ਖੇੜੇ ਵਿਚ ਇਥੇ ਗੁ: ਲੰਗਰ ਸਾਹਿਬ ਵਾਲੀ ਥਾਂ ਤੇ ਆਏ ਤੇ ਇਥੇ ਜੰਗਲ ਵਿਚ ਮੰਗਲ ਲਗ ਗਿਆ ਹੈ। ਗੁਰੂ ਕਾ ਲੰਗਰ ਅੱਠੇ ਪਹਿਰ ਅਤੁਟ ਚਲ ਰਿਹਾ ਹੈ, ਸੰਗਤਾਂ ਦੇ ਅਰਾਮ ਲਈ ਕਮਰੇ ਬਣੇ ਹੋਏ ਹਨ। ਇਸ਼ਨਾਨ ਆਦਿ ਦਾ ਯੋਗ ਪ੍ਰਬੰਧ ਹੈ। ਸ੍ਰੀਮਾਨ ਬਾਬਾ ਜੀ ਨੇ ਕਾਫੀ ਗੁਰਦੁਆਰਿਆਂ ਦੀ ਸੇਵਾ ਕਰਵਾਈ ਹੈ। ਜਿਥੇ ਗੁਰੂ ਮਹਾਰਾਜ ਨੇ ਉਦਾਸੀ ਸੰਤ ਨੂੰ ਦਰਸ਼ਨ ਦਿਤੇ ਸਨ ਉਥੇ ਰਤਨਾ-ਗਿਰੀ ਪਹਾੜੀ ਕੋਲ ਗੁਰਦੁਆਰਾ ਰਤਨ ਗੜ੍ਹ ਬਣਵਾਇਆ ਹੈ। ਸੰਨ ੧੯੩੧ ਦੀ ਗਲ ਹੈ ਜੋ ਸ੍ਰੀਮਾਨ ਬਾਬਾ ਜੀ ਜਥੇ ਸਮੇਤ ਪੰਜਾਬ ਜਾਣ ਵਾਲੀ ਗਡੀ ਦੀ ਉਡੀਕ ਵਿਚ ਮਨਮਾੜ ਸਟੇਸ਼ਨ ਤੇ ਬੈਠੇ ਸਨ। ਰਾਤ ਦਾ ਸਮਾਂ ਸੀ ਗਡੀ ਸਵੇਰੇ ਆਉਣੀ ਸੀ ਜੋ ਬਾਬਾ ਜੀ ਨੂੰ ਸਮਾਧੀ ਵਿਚ ਬੈਠਿਆਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਹੋਏ ਤੇ ਇਥੇ ਮਨਮਾੜ ਵਿਚ ਹੀ ਹਜ਼ੂਰ ਦਾ ਗੁਰ ਅਸਥਾਨ ਪ੍ਰਗਟ ਕਰਨ ਦੀ ਆਗਿਆ ਹੋਈ। ਜਦੋਂ ਸਵੇਰ ਹੋਈ ਤਾਂ ਸ੍ਰੀਮਾਨ ਬਾਬਾ ਜੀ ਗਡੀ ਦਾ ਪ੍ਰੋਗਰਾਮ ਛਡਕੇ, ਜਥੇ ਸਮੇਤ ਸ਼ਹਿਰ ਨੂੰ ਚਲ ਪਏ ਅਤੇ ਥੋੜੀ ਦੂਰ ਜਾ ਕੇ ਇਕ ਪਿਪਲ ਦੇ ਬ੍ਰਿਛ ਥਲੇ ਆਸਨ ਲਾ ਲਿਆ। ਉਸ ਵੇਲੇ ਇਥੇ ਭਾਰੀ ਜੰਗਲ ਹੀ ਜੰਗਲ ਸੀ ਤੇ ਕੁਝ ਹਿਸਾ ਕਬਰਸਤਾਨ ਵਜੋਂ ਵਰਤੀਂਦਾ

ਸੀ। ਬਾਬਾ ਜੀ ਦੀ ਆਗਿਆ ਪਾ ਕੇ ਜਥੇ ਦੇ ਸਿੰਘਾਂ ਨੇ ਜੰਗਲ ਦੀ ਸਫਾਈ ਸ਼ੁਰੂ ਕਰ ਦਿਤੀ ਤੇ ਥੋੜੇ ਹੀ ਦਿਨਾਂ ਵਿਚ ਲਕੜਾਂ ਆਦਿ ਲਾਕੇ ਕਾਫੀ ਥਾਂ ਘੇਰ ਲਿਆ। ਇਹ ਗਲ ਸਾਰੇ ਨਗਰ ਵਿਚ ਧੁੰਮ ਗਈ ਸੀ ਜੋ ਸਿੰਘਾਂ ਨੇ ਆਪਣਾ ਕਬਜ਼ਾ ਜਮਾ ਲਿਆ ਹੈ ਪ੍ਰੰਤੂ ਕੁਝ ਸ਼ਹਿਰ ਦੇ ਬਜ਼ੁਰਗ ਸਜਣ ਬਾਬਾ ਜੀ ਪਾਸ ਆਏ ਤੇ ਬਾਬਾ ਜੀ ਦੀ ਨੂਰਾਨੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਤ ਹੋਏ। ਗਲ ਬਾਤ ਹੋਣ ਤੇ ਉਨ੍ਹਾਂ ਦੇ ਸਾਰੇ ਸ਼ੰਕੇ ਦੂਰ ਹੋ ਗਏ ਤੇ ਉਹ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਦੇਣੀ ਮੰਨ ਗਏ; ਪ੍ਰੰਤੂ ਮਹਾਂਪੁਰਖਾਂ ਨੇ ਕਿਹਾ ਜੋ ਜ਼ਮੀਨ ਦਾ ਮੁਲ ਜ਼ਰੂਰ ਦੇਵਾਂਗੇ। ਹਾਲਾਂ ਇਹ ਗੱਲਾਂ ਚਲ ਹੀ ਰਹੀਆਂ ਸਨ ਜੋ ਕੁਝ ਸ਼ਰਾਰਤੀ ਸਜਣਾਂ ਨੇ ਨਾਸਕ ਜਾ ਕੇ ਕੁਲੈਕਟਰ ਸਾਹਿਬ ਦੀ ਅਦਾਲਤ ਵਿਚ ਬਾਬਾ ਜੀ ਦੇ ਖਿਲਾਫ ਦਰਖਾਸਤ ਕਰ ਦਿਤੀ ਤੇ ਇਸ ਸਾਰੇ ਮਾਮਲੇ ਨੂੰ ਮਜ਼੍ਹਬੀ ਰੰਗਨ ਦੇ ਕੇ ਬਹੁਤ ਹੀ ਵਧਾ ਚੜ੍ਹਾਕੇ ਪੇਸ਼ ਕੀਤਾ। ਕੁਝ ਦਿਨਾਂ ਬਾਦ ਕੁਲੈਕਟਰ ਸਾਹਿਬ ਨਾਸਕ ਜਗ੍ਹਾ ਦਾ ਮੁਆਇਨਾ ਕਰਕੇ ਫੈਸਲਾ ਦੇਣ ਲਈ ਆਪ ਮੌਕੇ ਤੇ ਆਏ ਅਤੇ ਮਹਾਂਪੁਰਸ਼ਾਂ ਦੀ ਨੂਰਾਨੀ ਸ਼ਖਸੀਅਤ ਤੋਂ ਕਾਫੀ ਪ੍ਰਭਾਵਤ ਹੋ ਕੇ ਨਗਰ ਨਿਵਾਸੀਆਂ ਨੂੰ ਸਮਝਾਇਆ ਜੋ ਇਹ ਵੀ ਖੁਦਾ ਦਾ ਘਰ ਬਣ ਰਿਹਾ ਹੈ। ਆਪ ਨੂੰ ਜ਼ਮੀਨ ਦਾ ਮੁਲ ਦਿਵਾ ਦੇਂਦੇ ਹਾਂ। ਪਰ ਉਹ ਬਜ਼ਿਦ ਰਹੇ ਤੇ ਮੁਲ ਲੈਣਾ ਨਾ ਮੰਨੇ। ਕੋਈ ਹੋਰ ਹਲ ਲਭਦਾ ਨਾ ਵੇਖ ਕੇ ਕੁਲੈਕਟਰ ਸਾਹਿਬ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਆਪ ਕਹਿੰਦੇ ਹੋ ਇਹ ਸਾਡਾ ਅਸਥਾਨ ਹੈ ਆਪ ਇਸ ਲਈ ਕੋਈ ਠੋਸ ਸਬੂਤ

ਦੇਵੋ ਨਹੀਂ ਤਾਂ ਕਾਨੂੰਨ ਆਪਣਾ ਰਾਹ ਲਭੇਗਾ ਤੇ ਆਪ ਨੂੰ ਜਗ੍ਹਾ ਖਾਲੀ ਕਰਨੀ ਪਵੇਗੀ। ਕੁਲੈਕਟਰ ਸਾਹਿਬ ਦਾ ਫੈਸਲਾ ਸੁਣ ਕੇ ਬਾਬਾ ਜੀ ਕਾਫੀ ਗੰਭੀਰ ਹੋ ਗਏ ਤੇ ਪਿਪਲ ਥਲੇ ਆਪਣੇ ਆਸਨ ਵਲ ਨੂੰ ਤੁਰ ਪਏ। ਪਿਪਲ ਥਲੇ ਕੁਝ ਸਮਾਂ ਖੜੋ ਕੇ ਫਿਰ ਚੜ੍ਹਦੇ ਵਲ ਨੂੰ ਕੁਝ ਕਦਮ ਗਿਣਕੇ ਤੁਰੇ ਤੇ ਇਕ ਥਾਂ ਅਡੋਲ ਹੋ ਗਏ। ਹੁਣ ਸਾਰੇ ਨਗਰ ਨਿਵਾਸੀ ਸਜਣ ਬੜੇ ਉਤਸਕ ਸਨ ਤੇ ਸਾਹਿਬ ਵੀ ਉਨ੍ਹਾਂ ਦੇ ਹਕ ਵਿਚ ਫੈਸਲਾ ਦੇ ਚੁਕਾ ਸੀ। ਇੰਨੇ ਨੂੰ ਬਾਬਾ ਜੀ ਬੜੇ ਗੰਭੀਰ ਸੁਰ ਵਿਚ ਬੋਲੇ ਜੋ ਇਥੇ ਸਾਡਾ ਪੁਰਾਣਾ ਖੂਹ (ਬੋੜਾ) ਹੈ ਇਹੀ ਸਾਡਾ ਪਕਾ ਸਬੂਤ ਹੈ। ਕੁਲੈਕਟਰ ਸਾਹਿਬ ਦੇ ਹੁਕਮ ਅਨੁਸਾਰ ਥਾਂ ਦੀ ਪੁਟਾਈ ਸ਼ੁਰੂ ਹੋਈ। ਦੋਵੇਂ ਧਿਰਾਂ ਆਪਣੀ ਜਿਤ ਲਈ ਬਹੁਤ ਉਤਸੁਕ ਸਨ। ਕਈ ਘੰਟੇ ਦੀ ਪੁਟਾਈ ਬਾਅਦ ਕੋਈ ਦਸ ਕੁ ਫੁਟ ਥਲੇ ਜਾਕੇ ਪੁਰਾਣੇ ਖੂਹ ਦੇ ਚਿੰਨ੍ਹ ਸਾਫ ਨਜ਼ਰ ਆਉਣ ਲਗ ਪਏ ਤਾਂ ਖਾਲਸੇ ਨੇ ਖੁਸ਼ੀ ਵਿਚ ਜੈਕਾਰੇ ਛਡਣੇ ਸ਼ੁਰੂ ਕਰ ਦਿਤੇ। ਹੁਣ ਕੇਸ ਦਾ ਫੈਸਲਾ ਬਾਬਾ ਜੀ ਦੇ ਹਕ ਵਿਚ ਹੋ ਗਿਆ ਸੀ। ਖਾਲਸੇ ਦੀ ਫਤਿਹ ਹੋ ਗਈ ਸੀ ਫਿਰ ਵੀ ਬਾਬਾ ਜੀ ਨੇ ਜ਼ਮੀਨ ਦਾ ਯੋਗ ਮੁਲ ਦੇ ਕੇ ਗੁਰਦੁਆਰਾ ਸਾਹਿਬ ਦੇ ਨਾਮ ਜ਼ਮੀਨ ਦਾ ਬੈਨਾਮਾ ਕਰਵਾ ਲਿਆ। ਇਹ ਅਸਚਰਜ ਕੌਤਕ ਦੇਖ ਕੇ ਸਾਰੇ ਨਗਰ ਨਿਵਾਸੀ ਤੇ ਹੋਰ ਸਜਣ ਵੀ ਹੈਰਾਨ ਸਨ ਕਿਉਂ ਜੋ ਕਿਸੇ ਨੇ ਕਦੇ ਇਹ ਬੋੜਾ ਦੇਖਿਆ ਤਕ ਨਹੀਂ ਸੀ, ਨਾ ਹੀ ਕਿਸੇ ਇੰਦਰਾਜ ਵਿਚ ਮੌਜੂਦ ਸੀ, ਹੁਣ ਸਭ ਨੂੰ ਇਹ ਫੈਸਲਾ ਮੰਨਣਾ ਹੀ ਪਿਆ। ਬਾਬਾ ਜੀ ਨੇ

ਇਥੇ ਟੀਨਾਂ ਨਾਲ ਛੋਟਾ ਜਿਹਾ ਕਮਰਾ ਛਤ ਕੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਕੇ ਨਿਸ਼ਾਨ ਸਾਹਿਬ ਝੂਲਾ ਦਿਤਾ। ਇਹ ਉਹੀ ਅਸਥਾਨ ਹੈ ਜਿਥੇ ਅਜ ਕਲ ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ ਸ਼ਹਿਰ ਵਿਚ ਵਿਦਮਾਨ ਹੈ। ਇਸ ਅਸਥਾਨ ਦੀ ਸਾਖੀ ਜੋ ਸ੍ਰੀਮਾਨ ਬਾਬਾ ਜੀ ਨੇ ਸੇਵਕਾਂ ਨੂੰ ਸੁਣਾਈ ਸੀ ਤੇ ਸੂਰਜ ਪ੍ਰਕਾਸ਼ ਤੇ ਗੁਰਬਿਲਾਸ ਵਿਚ ਵੀ ਇਸ ਤਰ੍ਹਾਂ ਬੜੇ ਪ੍ਰੇਮ ਨਾਲ ਵਰਨਣ ਕੀਤੀ ਗਈ ਹੈ।

## ਗੁਰਦੁਆਰਾ ਗੁਪਤਸਰ ਸਾਹਿਬ ਦੀ ਸਾਖੀ

ਤਹਾ ਗ੍ਰਾਮ ਜਨਵਾਰਾ ਨਾਇ। ਰੁਸਤਮ ਰਾਇ ਅਰ ਬਾਲਾ ਰਾਇ।
ਦੋਵੇਂ ਭ੍ਰਾਤਾ ਜੋਧੇ ਵਡਬਲੀ। ਕੁਛਕ ਰਾਜ ਕਰਤੇ ਬਿਧ ਭਲੀ।
ਦੇਸ ਮ੍ਰਹਟਾ ਕੋ ਨਿਤ ਲੂਟੈਂ। ਜੋ ਅਰ ਪਰੈ ਤੁਰਤ ਤਿਸੁ ਕੂਟੈਂ।
(ਸੂਰਜ ਪ੍ਰਕਾਸ਼)

ਜਨਵਾੜਾ ਨਗਰ ਬਿਦਰ ਸ਼ਹਿਰ ( ਕਰਨਾਟਕ ) ਤੋਂ ਕੋਈ ਦਸ ਮੀਲ ਦੀ ਵਿਥ ਤੇ ਇਕ ਪੁਰਾਣਾ ਇਤਿਹਾਸਕ ਨਗਰ ਹੈ। ਕਿਸੇ ਵੇਲੇ ਇਹ ਦੋ ਮਰਹੱਟਾ ਰਾਜ ਭਰਾਵਾਂ, ਬਾਲਾ ਰਾਓ ਤੇ ਰੁਸਤਮ ਰਾਓ ਦੀ ਰਾਜਧਾਨੀ ਸੀ, ਜਿਸ ਦਾ ਸਬੂਤ ਨਗਰ 'ਚ ਪਏ ਕਿਲ੍ਹੇ ਦੇ ਖੰਡਰ ਦਸ ਰਹੇ ਹਨ। ਇਹ ਰਾਜੇ ਬੜੇ ਬਲੀ ਜੋਧੇ ਸਨ ਤੇ ਉਸ ਵਕਤ ਦੇ ਦਸਤੂਰ ਅਨੁਸਾਰ ਆਪਣੇ ਕਮਜ਼ੋਰ ਗੁਆਂਢੀ ਰਾਜਿਆਂ ਨੂੰ ਲੁਟਦੇ ਰਹਿੰਦੇ ਸਨ। ਖਾਸ ਕਰਕੇ ਸ਼ਾਹੂਰਾਓ ਦਾ ਦੇਸ, ਜੋ ਗੁਆਂਢੀ ਰਾਜ ਸੀ, ਖੂਬ ਲੁਟਦੇ ਰਹਿੰਦੇ

ਸਨ। ਇਕ ਦਿਨ ਸ਼ਾਹੂ ਰਾਓ ਨੇ ਇਨ੍ਹਾਂ ਨੂੰ ਸਬਕ ਦੇਣ ਲਈ ਸੋਚਾਂ ਸੋਚੀਆਂ। ਆਪਣੀ ਸਾਰੀ ਫੌਜ ਇਕੱਠੀ ਕਰਕੇ ਜਨਵਾੜੇ ਤੇ ਚੜ੍ਹਾਈ ਕਰ ਦਿਤੀ। ਦੋਹਾਂ ਭਰਾਵਾਂ ਨੇ ਸਨਮੁਖ ਹੋ ਕੇ ਖੂਬ ਬਹਾਦਰੀ ਨਾਲ ਟਾਕਰਾ ਕੀਤਾ। ਪਰ ਸ਼ਾਹੂ ਰਾਓ ਨੇ ਜੁਧ ਦੀ ਐਸੀ ਕੁਸ਼ਲਤਾ ਵਿਖਾਈ ਜੋ ਦੋਵੇਂ ਭਰਾਵਾਂ ਨੂੰ ਜ਼ਿੰਦਾ ਕੈਦ ਕਰ ਲਿਆ ਤੇ ਸੁਖ ਦਾ ਸਾਹ ਲਿਆ। ਫਿਰ ਉਸ ਨੇ ਇਨ੍ਹਾਂ ਦੋਵਾਂ ਨੂੰ ਉਮਰ ਕੈਦੀ ਬਣਾਕੇ ਆਪਣੇ ਸਤਾਰੇ ਦੇ ਵਡੇ ਕਿਲ੍ਹੇ ਵਿਚ ਜਿਹੜਾ ਇਕ ਪਹਾੜੀ ਦੀ ਚੋਟੀ ਤੇ ਸੀ, ਜਿਥੇ ਬੰਦਾ ਤਾਂ ਕੀ ਪੰਛੀ ਵੀ ਨਹੀਂ ਫਟਕ ਸਕਦਾ ਸੀ, ਉਸ ਵਿਚ ਕੈਦ ਕਰ ਦਿਤਾ। ਇਸ ਤਰ੍ਹਾਂ ਕੈਦੀ ਬਣਕੇ ਇਹ ਉਦਾਸ ਤਾਂ ਜ਼ਰੂਰ ਹੋਏ ਪਰ ਹੌਸਲਾ ਨਾ ਛੱਡਿਆ ਤੇ ਲਗੇ ਆਪਣੇ ਇਸ਼ਟ ਦੇਵੀ ਦੇਵਤਿਆਂ ਦੀ ਆਰਾਧਨਾ ਕਰਨ। ਬਹੁਤ ਕਠਨ ਘਾਲਨਾ ਘਾਲੀਆਂ, ਰਾਤ ਦਿਨ ਆਰਾਧਨਾ ਕੀਤੀ, ਬਹੁਤ ਮੰਨਤਾਂ ਮੰਨੀਆਂ, ਪਰ ਕੁਝ ਬਣਦਾ ਨਾ ਦਿਸਿਆ। ਨਾ ਹੀ ਤਾਂ ਕੋਈ ਮਦਦ ਨੂੰ ਬਹੁੜਿਆ, ਨਾ ਹੀ ਮਨ ਵਿਚ ਕੋਈ ਧਰਵਾਸ ਬਝਦੀ ਦਿਸਦੀ ਸੀ। ਸੋ ਮਨ ਬਹੁਤ ਹੀ ਨਿਢਾਲ ਤੇ ਉਦਾਸ ਹੋ ਗਿਆ। ਚੰਗੇ ਭਾਗਾਂ ਨਾਲ ਇਸੇ ਜੇਲ੍ਹ ਵਿਚ ਇਕ ਗੁਰੂ ਕਾ ਨਿਤਨੇਮੀ ਪ੍ਰੇਮੀ ਸਿੰਘ ਪਹਿਰੇ ਦੀ ਨੌਕਰੀ ਕਰਦਾ ਸੀ ਤੇ ਆਤਮ ਰਸੀਆ ਹੋਣ ਕਰਕੇ ਬੜੇ ਪ੍ਰੇਮ ਪਿਆਰ ਤੇ ਰਸ ਵਿਚ ਗੁਰਬਾਣੀ ਦਾ ਪਾਠ ਕਰਦਾ ਰਹਿੰਦਾ। ਸੁਆਸ ਸੁਆਸ ਨਾਮ ਸਿਮਰਨ ਵਿਚ ਮਸਤ ਰਹਿੰਦਾ। ਇਸਦਾ ਪ੍ਰਭਾਵ ਸਾਰਿਆਂ ਤੇ ਪੈਂਦਾ ਤੇ ਸਾਰੇ ਆਲੇ ਦੁਆਲੇ ਵਿਚ ਸ਼ਾਂਤੀ

ਦਾ ਪ੍ਰਭਾਵ ਬਣਿਆ ਰਹਿੰਦਾ ।

ਰਛਕ ਸਿੰਘ ਦੁਰਗ ਵਿਚ ਏਕ । ਗੁਰਬਾਣੀ ਨਿਤ ਪੜੇ ਬਿਬੇਕ ।
ਪਹਿਰਾ ਦੇਤ ਗਿਰਾ ਗੁਰ ਭਣੈ । ਬਾਲਾ ਰਾਇ ਸਰੋਤ ਦੇ ਸੁਣੈ ।

ਇਹ ਦੋਵੇਂ ਜਦੋਂ ਗੁਰਬਾਣੀ ਦਾ ਪਾਠ ਪਹਿਰੇਦਾਰ ਸਿੰਘ ਪਾਸੋਂ ਸੁਣਦੇ ਤਾਂ ਮਨ ਵਿਚ ਕਾਫੀ ਕੁਝ ਧਰਵਾਸ ਤੇ ਤਸੱਲੀ ਜਿਹੀ ਆਉਂਦੀ ਪ੍ਰਤੀਤ ਹੁੰਦੀ, ਕੋਈ ਸ਼ਾਂਤੀ ਜਿਹੀ ਮਹਿਸੂਸ ਹੁੰਦੀ। ਸਿੰਘ ਦੇ ਚਿਹਰੇ ਦਾ ਜਲਾਲ ਦੇਖ ਕੇ ਮਨ ਵਿਚ ਖਿਚ ਜ਼ਰੂਰ ਪੈਂਦੀ ਸੀ। ਇਕ ਦਿਨ ਜਦੋਂ ਸਿੰਘ ਜੀ ਨੇ ਪਾਠ ਦਾ ਭੋਗ ਪਾਇਆ ਤਾਂ ਇਨ੍ਹਾਂ ਨੇ ਹੌਸਲਾ ਕਰਕੇ ਪੁਛ ਹੀ ਲਿਆ ਜੋ ਆਪ ਇਹ ਕਿਸ ਦੀ ਕਲਾਮ ਪੜ੍ਹਦੇ ਰਹਿੰਦੇ ਹੋ, ਬੜਾ ਸੀਤਲ ਤੇ ਠੰਢਾ ਪ੍ਰਭਾਵ ਹੈ ਇਸ ਦਾ, ਇਹ ਕਿਸ ਪੀਰ ਦੀ ਕਲਾਮ ਹੈ।

ਹਿਤ ਬੂਝਨ ਕੈ ਤਬੈ ਬਖਾਨੀ। ਪੜਤ ਰਹਿਤ ਤੂੰ ਕਿਸ ਕੀ ਬਾਣੀ।
ਸੁਨਿਤ ਸਿੰਘ ਗੁਰ ਮਹਿਮਾ ਕਹੀ। ਬੰਦੀ ਛੋੜ ਸਮ ਕਛ ਨਹੀ।

ਇਨ੍ਹਾਂ ਦੀ ਐਸੀ ਜਗਿਆਸਾ ਦੇਖ ਕੇ ਪਹਿਰੇਦਾਰ ਸਿੰਘ ਨੂੰ ਬਹੁਤ ਦਇਆ ਆ ਗਈ। ਬੜੇ ਪ੍ਰੇਮ ਨਾਲ ਸਭ ਬਾਤ ਸਮਝਾਈ ਜੋ ਇਹ ਕਲਜੁਗ ਦੇ ਅਵਤਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਜੋ ਕਲਜੁਗੀ ਜੀਵਾਂ ਦੇ ਨਿਸਤਾਰੇ ਦਾ ਇਕ ਮਾਤਰ ਸਾਧਨ ਹੈ। ਗੁਰੂ ਨਾਨਕ ਸਾਹਿਬ ਜੀ ਦੀ ਦਸਵੀਂ ਜੋਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਏ ਹਨ ਜਿਨ੍ਹਾਂ ਗਊ ਗਰੀਬ ਦੀ ਰਖਿਆ ਲਈ ਸਾਰੀ ਆਯੂ ਪਾਪੀ

ਜਰਵਾਣਿਆਂ ਨਾਲ ਸੰਘਰਸ਼ ਕੀਤਾ ਤੇ ਧਰਮ ਦੀ ਸਥਾਪਨਾ ਕੀਤੀ। ਹੁਣ ਥੋੜਾ ਸਮਾਂ ਹੋਇਆ ਉਹ ਵੀ ਨੰਦੇੜ ਵਿਖੇ ਜੋਤੀ ਜੋਤ ਸਮਾਂ ਗਏ ਹਨ ਤਾਂ ਅਗੋਂ ਗੁਰਿਆਈ ਸ਼ਬਦਾ ਅਵਤਾਰ ਗੁਰੂ ਕੀ ਬਾਣੀ, ਜਿਹੜੀ ਮੈਂ ਰੋਜ਼ ਪੜ੍ਹਦਾ ਹਾਂ, ਨੂੰ ਸੌਂਪ ਗਏ ਹਨ। ਸੋ ਇਹੀ ਸਾਡੀ ਕਲਿਆਨਕਾਰੀ ਹੈ। ਇਹ ਗਲਾਂ ਹੋ ਹੀ ਰਹੀਆਂ ਸਨ ਜੋ ਉਪਰੋਂ ਇਕ ਪਠਾਨ ਜੋ ਇਸੇ ਕਿਲ੍ਹੇ ਵਿਚ ਨੌਕਰ ਸੀ, ਆ ਗਿਆ। ਇਸ ਨੇ ਗੁਰੂ ਮਹਾਰਾਜ ਜੀ ਦੇ ਅਨੰਦਪੁਰ ਸਾਹਿਬ ਆਦਿ ਜੰਗ ਵੇਖੇ ਸਨ ਤੇ ਹਜ਼ੂਰ ਦੀ ਬੇ ਮਿਸਾਲ ਬੀਰਤਾ ਦਾ ਕਾਇਲ ਹੋ ਗਿਆ ਸੀ। ਉਸ ਨੇ ਵੀ ਗੁਰੂ ਮਹਾਰਾਜ ਜੀ ਦੀ ਸਚੀ ਤੇ ਕਮਾਲ ਦੀ ਬੀਰਤਾ ਦੀ ਬਹੁਤ ਤਾਰੀਫ ਕੀਤੀ। ਉਹ ਤਾਂ ਕਰਾਮਾਤ ਦੇ ਧਨੀ ਹਨ ਜੋ ਚਾਹੁਣ ਸੋ ਕਰ ਸਕਦੇ ਹਨ। ਸਵਾ ਸਵਾ ਲਖ ਨਾਲ ਇਕਲੇ ਸਿੰਘ ਨੂੰ ਟਾਕਰੇ ਲਈ ਭੇਜਣਾ ਉਨ੍ਹਾਂ ਦੀ ਬੀਰਤਾ ਤੇ ਯੁਧ ਕੌਸ਼ਲਤਾ ਦਾ ਕਮਾਲ ਸੀ। ਇਸ ਤਰ੍ਹਾਂ ਪਠਾਨ ਕੋਲੋਂ ਵੀ ਗੁਰੂ ਮਹਾਰਾਜ ਜੀ ਦੀ ਸਚੀ ਸਿਫਤ ਸੁਣ ਕੇ ਇਨ੍ਹਾਂ ਦੇ ਮਨ ਹੋਰ ਸ਼ਰਧਾ ਨਾਲ ਭਰ ਗਏ ਤੇ ਗੁਰੂ ਚਰਨਾਂ ਦਾ ਸਿਦਕ ਹੋਰ ਪਕਾ ਹੋ ਗਿਆ।

ਇਕ ਪਠਾਨ ਤਹ ਜਾਇ ਨਿਹਾਰਾ। ਸੁਣ ਤਿਸਨੇਂ ਗੁਰ ਜਸ ਉਚਾਰਾ।
ਸੋ ਗੁਰ ਬਡੇ ਬਹਾਦਰ ਹੇਰਾ। ਰਣ ਚਮਕੌਰ ਅਨੰਦਪੁਰ ਕੇਰਾ।
ਤਹਾਂ ਤੀਰ ਕਰ ਜੋਰ ਪ੍ਰਹਾਰੈਂ। ਇਕ ਤੇ ਦਸ ਹਜ਼ਾਰ ਅਰਿ ਮਾਰੈਂ।
ਕਰਾਮਾਤ ਕੋ ਧਨੀ ਬਿਸਾਲਾ। ਜੋ ਚਿਤ ਚਹੈ ਸੋ ਕਰਨੇ ਵਾਲਾ।
ਦੋ ਦੋ ਕੋਸ ਤਹਿ ਅਰਿ ਘਾਇ। ਦਸ ਲਾਖਨ ਸੋਂ ਜੰਗ ਮਚਾਇ।

ਗੁਰੂ ਜੀ ਦਾ ਮਹਾਨ ਯੁਧ ਕੌਸ਼ਲ ਸੁਣਕੇ ਇਨ੍ਹਾਂ ਮਰਹਟਾ ਸਰਦਾਰਾਂ ਦਾ ਖ਼ੂਨ ਗਰਮ ਹੋ ਜਾਂਦਾ, ਗੁਰੂ ਮਹਾਰਾਜ ਜਿਵੇਂ ਆਪਣੇ ਹੀ ਲੱਗਨ ਲਗ ਪੈਂਦੇ। ਫਿਰ ਖਾਲਸੇ ਦੀਆਂ ਵੀਰ ਗਾਥਾਂ, ਮਹਾਰਾਜ ਜੀ ਦਾ ਬਿਰਦ ਪਾਲਕ ਹੋਣਾ, ਤੇ ਹੋਰ ਇਹੋ ਜਿਹੀਆਂ ਸਾਖੀਆਂ ਸੁਣਕੇ ਇਨ੍ਹਾਂ ਦੇ ਨਿਸ਼ਕਪਟ ਮਨ ਬੜੇ ਪ੍ਰੇਮ ਤੇ ਵਜਦ ਵਿਚ ਝੂਮ ਉਠਦੇ। ਮਨ ਹੁਣ ਸਿਦਕ ਦੇ ਘਰ ਵਿਚ ਆ ਗਿਆ ਸੀ, ਰਾਤ ਦਿਨ ਵਾਹਿਗੁਰੂ ਵਾਹਿਗੁਰੂ ਜਪਦੇ ਆਪਣੇ ਪ੍ਰੀਤਮ ਨੂੰ ਯਾਦ ਕਰਨ ਲਗੇ। ਹੁਣ ਨੇਕ ਦਿਲ ਪਠਾਨ, ਚੌਕੀਦਾਰ ਸਿੰਘ ਤੇ ਇਨ੍ਹਾਂ ਦੋਵਾਂ ਦਾ ਰੋਜ ਗੁਰੂ ਜਸ ਕਰਦਿਆਂ ਸੁਹਣਾ ਸਮਾਂ ਬਤੀਤ ਹੋਣ ਲਗਾ। ਇਕ ਦਿਨ ਪਹਿਰੇਦਾਰ ਸਿੰਘ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਬੰਦੀ ਛੋੜ ਪ੍ਰੀਤਮ ਦੀ ਗਵਾਲੀਅਰ ਦੀ ਸਾਖੀ ਸੁਣਾਈ ਜੋ ਕਿਵੇਂ ਗੁਰੂ ਜੀ ਨੇ ਬਵੰਜਾ ਕੈਦੀ ਰਾਜਿਆਂ ਦਾ ਉਧਾਰ ਕੀਤਾ ਤੇ ਜਦੋਂ ਤਕ ਉਨ੍ਹਾਂ ਦੀ ਬੰਦ ਖਲਾਸ ਨਹੀਂ ਕਰਾਈ ਆਪ ਕਿਲ੍ਹੇ ਤੋਂ ਬਾਹਰ ਨਿਕਲਨਾ ਨਹੀਂ ਸਨ ਮੰਨੇ। ਸਭ ਨੂੰ ਆਪਣਾ ਪਲੂ ਫੜਾਕੇ ਕਿਲ੍ਹੇ ਦੀ ਕੈਦ ਵਿਚੋਂ ਕਿਸ ਤਰ੍ਹਾਂ ਬਾਹਰ ਲਿਆਏ। ਇਸ ਪ੍ਰੇਮ ਮਈ ਸਾਖੀ ਨੇ ਇਨ੍ਹਾਂ ਦੇ ਮਨ ਤੇ ਬੜਾ ਅਸਰ ਕੀਤਾ ਤੇ ਲਗੇ ਆਪਣੀ ਰਿਹਾਈ ਦੀਆਂ ਵਿਉਂਤਾਂ ਸੋਚਣ। ਇਕ ਦਿਨ ਪਹਿਰੇਦਾਰ ਸਿੰਘ ਨੂੰ ਕਹਿਣ ਲਗੇ ਕਿ ਕੀ ਮਹਾਰਾਜ ਸਾਡੀ ਵੀ ਕਿਸੇ ਦਿਨ ਬੰਦ ਖਲਾਸ ਕਰਨਗੇ। ਸਾਡੇ ਪਾਪਾਂ ਨੂੰ ਵੀ ਕਟ ਦੇਣਗੇ, ਤਾਂ ਸਿੰਘ ਜੀ ਨੇ ਬਚਨ ਕੀਤਾ ਭਾਈ ਇਹ ਤਾਂ ਤੁਹਾਡਾ ਪ੍ਰੇਮ ਤੇ ਸਿਦਕ ਹੈ। ਇਕ ਜਨਮ ਦੀ ਸਰੀਰਕ

ਬੰਦ ਖਲਾਸ ਤਾਂ ਕੀ ਉਹ ਤਾਂ ਸਰਬ ਸਮਰਥ ਹਨ। ਜਨਮ ਜਨਮਾਤਰਾਂ ਦੀ ਫਾਹੀ ਕਟ ਦੇਂਦੇ ਹਨ। ਆਪ ਸਚੇ ਦਿਲੋਂ ਅਰਾਧਨਾ ਕਰੋਗੇ ਉਹ ਜਰੂਰ ਬਹੁੜੀ ਕ੍ਰਰਨਗੇ। ਜਿੰਨੀ ਆਪ ਦਿਲ ਦੀ ਡੂੰਘਾਈ ਤੋਂ ਦਰਦ ਭਰੀ ਅਰਦਾਸ ਕਰੋਗੇ ਉਨੀ ਛੇਤੀ ਆਪ ਜੀ ਦੀ ਅਰਦਾਸ ਉਥੇ ਪੁਜੇਗੀ।

ਹੁਣ ਇਹ ਦੋਵੇਂ ਗੁਰੂ ਮਹਾਰਾਜ ਨੂੰ ਅਰਾਧਨ ਲਗੇ, ਰਾਤ ਦਿਨ ਅਠੋ ਪਹਿਰ ਜੋਦੜੀਆਂ ਕਰਨ ਲਗੇ, ਹੇ ਬੰਦੀ ਛੋੜ ਦਾਤਾ ! ਅਸਾਂ ਪਾਪੀਆਂ ਦੀ ਵੀ ਬੰਦ ਖਲਾਸ ਕਰੋ। ਹੋਰ ਕੋਈ ਆਸਰਾ ਨਹੀਂ। ਸੋ ਇਸ ਤਰ੍ਹਾਂ ਦੀਆਂ ਦਰਦ ਭਰੀਆਂ ਜੋਦੜੀਆਂ ਇਨ੍ਹਾਂ ਦੇ ਹਿਰਦਿਆਂ ਵਿਚੋਂ ਦਿਨ ਰਾਤ ਨਿਕਲਣ ਲਗੀਆਂ। ਗੁਰੂ ਜੀ ਦੇ ਦਰਸ਼ਨਾਂ ਦੀ ਐਸੀ ਸਿੱਕ ਲਗ ਗਈ ਜੋ ਬਾਲਾਰਾਓ ਦੀ ਤਾਂ ਨੀਂਦ ਹੀ ਜਾਂਦੀ ਰਹੀ, ਰਾਤ ਦਿਨ ਗੁਰੂ ਪ੍ਰੇਮ ਵਿਚ ਬੈਠਾ ਬੰਦੀ ਛੋੜ ਦਾਤਾ ਨੂੰ ਯਾਦ ਕਰਦਾ ਰਹਿੰਦਾ ਤੇ ਬਿਰਤੀ ਸੁਤੇ ਸਿਧ ਹੀ ਗੁਰੂ ਚਰਨਾਂ ਵਿਚ ਜੁੜੀ ਰਹਿੰਦੀ, ਅਖਾਂ ਵੈਰਾਗ ਨਾਲ ਭਰੀਆਂ ਰਹਿੰਦੀਆਂ। ਕਦੇ ਕਦੇ ਪਹਿਰੇਦਾਰ ਸਿੰਘ ਨੂੰ ਵੀ ਬੇਨਤੀਆਂ ਕਰਦੇ, ਜੋ ਆਪ ਜੀ ਵੀ ਸਾਡੀ ਅਰਦਾਸ ਕਰੋ ਜੋ ਸਾਡੇ ਤੇ ਮਿਹਰ ਹੋ ਜਾਵੇ ਤੇ ਦਰਸ਼ਨ ਹੋ ਜਾਣ, ਬਸ ਇਹੀ ਲਿਵ ਲਗੀ ਰਹੇ, ਦਰਸ਼ਨਾਂ ਦੀ ਤਾਂਘ ਬਣੀ ਰਹੇ, ਉਹ ਹੁਣ ਵਿਛੜੇ ਨਾ, ਵਿਸਰੇ ਨਾ, ਬਸ ਉਸਦੀ ਮਿਠੀ ਮਿਠੀ ਯਾਦ ਕਾਇਮ ਰਹੇ, ਅੱਠੋ ਪਹਿਰ ਉਸਦਾ ਧਿਆਨ ਬਣਿਆ ਰਹੇ, ਸੋ ਇਸ ਪ੍ਰਕਾਰ ਦੀਆਂ ਜੋਦੜੀਆਂ ਕਰਦੇ ਰਹਿੰਦੇ।

ਲਗਾ ਤਾਂ ਸਰੀਰ ਹਾਲਾਂ ਵੀ ਸੰਗਲਾਂ ਨਾਲ ਜਕੜਿਆ ਹੋਇਆ ਸੀ। ਜੋਦੜੀ ਕੀਤੀ; "ਮਹਾਰਾਜ ਜੀ! ਕੀ ਕਰਾਂ, ਕਿਵੇਂ ਉਠਾਂ! ਸਰੀਰ ਤਾਂ ਸਾਰਾ ਜਕੜਿਆ ਹੈ। ਬੇੜੀਆਂ ਪਈਆਂ ਹਨ।

ਸ੍ਰੀ ਗੁਰੂ ਮੋਹਿ ਪਗਹੁ ਮਹਿ ਬੇਰੀ।
ਅਨੁਜ ਸੁਪਤ ਤਿਸਹੀ ਢਿਗ ਮੋਰੀ।

ਹਜ਼ੂਰ ਨੇ ਮੁਸਕਰਾ ਕੇ ਫੁਰਮਾਇਆ, "ਵਾਹਿਗੁਰੂ ਕਹੁ ਬਾਲਾ ਰਾਓ, ਸਭ ਬੰਧਨ ਟੁਟ ਜਾਣਗੇ, ਨਾਲੇ ਭਰਾ ਨੂੰ ਵੀ ਤਿਆਰ ਕਰੋ ਕਿਧਰੇ ਸੁਤਾ ਹੀ ਨਾ ਰਹਿ ਜਾਵੇ।"

ਵਾਹਿਗੁਰੂ ਕਹੁ ਬੇਰੀ ਟੂਟੈ।
ਭਗਤ ਜਗਾਵਹੁ ਸੰਗ ਨਾ ਹੂਟੈ।

ਇਹ ਬਚਨ ਸੁਣ ਕੇ, ਵਾਹਿਗੁਰੂ ਕਹਿ ਕੇ, ਅਥਾਹ ਨਿਸਚੇ ਨਾਲ ਜਦੋਂ ਸਰੀਰ ਹਿਲਾਇਆ ਤਾਂ ਸਾਰੇ ਸੰਗਲ ਬੇੜੀਆਂ ਟੁਟ ਕੇ ਥਲੇ ਡਿਗ ਪਈਆਂ। ਕੀ ਦੇਖਦਾ ਹੈ ਜੋ ਰੁਸਤਮ ਰਾਓ ਨੂੰ ਨੀਂਦ ਨੇ ਘੇਰਿਆ ਹੈ। ਉਸ ਦੇ ਵੀ ਬੰਧਨ ਤੋੜ ਕੇ ਸਾਵਧਾਨ ਕਰ ਦਿਤਾ।

ਸੁਣ ਪ੍ਰਭ ਤੇ ਅਨੁਜ ਜਗਾਇਓ।
ਸੰਗਲ ਟੂਟੈ ਨਾਮ ਧਿਆਇਓ।
ਉਠ ਦੋਨਹੁ ਗੁਰ ਚਰਨੀ ਪਰੇ।
ਧੰਨ ਗੁਰੂ ਕ੍ਰਿਤਾਰਥ ਕਰੇ।

ਬੜੀ ਅਸਚਰਜ ਖੇਡ ਵਰਤ ਰਹੀ ਸੀ। ਹੁਣ ਦੋਵੇਂ ਮੁਕਤ ਹੋ ਕੇ ਗੁਰੂ ਚਰਨਾਂ ਨਾਲ ਲਿਪਟ ਗਏ ਤੇ ਮਨ ਹੀ ਮਨ ਵਿਚ ਲਗੇ ਜੋਦੜੀਆਂ ਕਰਨ। ਤਾਂ ਹਜ਼ੂਰ ਨੇ ਫੁਰਮਾਇਆ ਕਿ ਸਾਡੇ ਘੋੜੇ ਦੀਆਂ ਰਕਾਬਾਂ, ਇਕ ਉਸ ਬੰਨੇ ਇਕ ਉਸ ਬੰਨੇ, ਘੁਟ ਕੇ ਫੜ ਲਵੋ ਤਾਂ ਜੋ ਤੁਹਾਨੂੰ ਲੈ ਚਲੀਏ। ਨਾਲੇ ਜ਼ੋਰ ਦੀ ਆਵਾਜ਼ਾਂ ਦੇ ਦੇਵੋ ਜੋ ਅਸੀਂ ਹੁਣ ਚਲੇ ਹਾਂ, ਜੋ ਚੌਕਸੀ ਕਰਨੀ ਕਰ ਲਵੋ।

ਅਬ ਦੋਨੋ ਦਿਸ ਹਵੈ ਤੁਮ ਠਾਢੇ।
ਗਹ ਰਕਾਬ ਦਵਾਲ ਦੋ ਗਾਢੈ।
ਗਹਿਕੈ ਦਵਲ ਕਹਯੋ ਦਵੈ ਭਾਈ।
ਅਬ ਹਮਰੈ ਗੁਰ ਭਏ ਸਹਾਈ।
ਜੇ ਬਲਿ ਹੈ ਤੋ ਲੀਜੈ ਘੇਰੇ।
ਨਹੀਂ ਤਾ ਹਮ ਪਹੁੰਚੇ ਨਿਜ ਡੇਰੇ।

ਕਿੰਨਾਂ ਸਿਦਕ ਹੈ। ਹੁਕਮ ਸੁਣਦਿਆਂ ਹੀ ਹਜ਼ੂਰ ਦੇ ਚਰਨ ਰਕਾਬਾਂ ਸਮੇਤ ਘੁਟ ਕੇ ਫੜ ਲਏ ਤੇ ਚਲਨ ਦੀ ਤਿਆਰੀ ਕਰ ਲਈ। ਜ਼ਰਾ ਸ਼ੰਕਾ ਨਹੀਂ ਕੀਤੀ ਜੋ ਮਹਾਰਾਜ ਸਾਨੂੰ ਕਿਥੇ ਲਿਜਾਉਣਗੇ, ਮਾਤ ਲੋਕ ਵਿਚ ਜਾਂ ਪਰਲੋਕ ਵਿਚ। ਹਾਏ, ਕਿਤੇ ਰਕਾਬਾਂ ਹਥੋਂ ਛੁਟ ਹੀ ਨਾ ਜਾਣ। ਇਹ ਤਾਂ ਗੁਰੂ ਪ੍ਰੇਮ ਵਿਚ ਮਸਤ ਪੁਤਲੀ ਦੇ ਨਾਚ ਕਰਨ ਵਾਂਙੂ ਖੇਲੀ ਜਾ ਰਹੇ ਹਨ। "ਕਾਠਿ ਕੀ ਪੁਤਲੀ ਕਹਾ ਕਰੈ ਬਪੁਰੀ ਖਿਲਾਵਨੁ ਹਾਰੋ ਜਾਨੈ"

ਨਾਲੇ ਜ਼ੋਰ ਨਾਲ ਉਚੀ ਉਚੀ ਕਹੀ ਜਾਂਦੇ ਹਨ ਜੋ ਅਸੀਂ ਹੁਣ ਚਲੇ ਹਾਂ ਅਸਾਡੇ ਬੰਦੀ ਛੋੜ ਗੁਰੂ ਜੀ ਆ ਗਏ ਹਨ। ਇਸ ਸ਼ੋਰ ਨੂੰ ਸੁਣ ਕੇ ਜੇਲ੍ਹ ਦੇ ਰਾਖੇ ਸਾਵਧਾਨ ਹੋਏ ਤੇ ਲਗੇ ਉਪਰਾਲਾ ਕਰਨ। ਤਾਂ ਹਜ਼ੂਰ ਨੇ ਨੀਲੇ ਨੂੰ ਆਗਿਆ ਕੀਤੀ, "ਚਲ ਭਾਈ! ਹੁਣ ਅਕਾਸ਼ੀ ਰਸਤੇ ਹੀ ਲੈ ਚਲ। ਕਿਲ੍ਹੇ ਦੇ ਤਾਂ ਰਸਤੇ ਬੰਦ ਕੀਤੇ ਹੋਏ ਹਨ।"

ਤਬ ਸਤਿਗੁਰ ਤੁਰੰਗਮ ਪਰੇਰਾ।
ਪੰਛੀ ਜਿਸ ਗਮਨੇ ਤਿਸ ਬੇਰਾ।
ਦਵਾਦਸ ਕੋਸ ਬਿੰਧਾਚਲ ਗਏ।
ਦਵਾਲ ਛਡਾਇ ਬਖਾਨਤ ਭਏ।

ਜਿਸ ਤਰ੍ਹਾਂ ਪੰਛੀ ਉਡਦਾ ਹੈ ਹਜ਼ੂਰ ਦਾ ਨੀਲਾ ਘੋੜਾ ਇਸ ਤਰ੍ਹਾਂ ਅਕਾਸ਼ ਵਿਚ ਉਡਨ ਲਗ ਪਿਆ। ਉਨ੍ਹਾਂ ਦੋਵਾਂ ਨੇ ਹਜ਼ੂਰ ਦੇ ਚਰਨ ਘੁਟ ਕੇ ਫੜੇ ਹੋਏ ਸਨ ਤੇ ਨਾਲ ਹੀ ਉਹ ਵੀ ਉਡੀ ਜਾ ਰਹੇ ਸਨ। ਅਗੇ ਲਿਖਿਆ ਹੈ ਜੋ ਨੀਲਾ ਬਿੰਧਿਆਚਲ ਪ੍ਰਬਤ ਦੀ ਦਿਸ਼ਾ ਨੂੰ ਉਡਿਆ ਤੇ ਕਾਫੀ ਦੂਰ ਜਾ ਕੇ ਨੀਲੇ ਨੇ ਇਨ੍ਹਾਂ ਨੂੰ ਧਰਤੀ ਤੇ ਉਤਾਰ ਦਿਤਾ। ਹਜ਼ੂਰ ਨੇ ਹੁਕਮ ਕੀਤਾ, "ਹੁਣ ਰਕਾਬਾਂ ਛਡ ਦੇਵੋ ਤੇ ਖੁਸ਼ੀ ਖੁਸ਼ੀ ਆਪਣੇ ਘਰਾਂ ਨੂੰ ਜਾਵੋ ਕਿਲ੍ਹੇ ਤੋਂ ਕਾਫੀ ਦੂਰ ਆ ਗਏ ਹੋ ਤੇ ਕੈਦ ਤੋਂ ਮੁਕਤ ਹੋ। ਤੁਹਾਨੂੰ ਕੋਈ ਵੀ ਹੁਣ ਨਹੀਂ ਫੜੇਗਾ। ਬਾਕੀ ਦਾ ਸਮਾਂ ਰਾਜ ਕਾਜ ਕਰਦਿਆਂ ਪ੍ਰਭੂ ਸਿਮਰਨ ਤੇ ਸੇਵਾ ਵਿਚ ਬਤੀਤ ਕਰੋ

ਇਕ ਅਕਾਲ ਪੁਰਖ ਦੀ ਓਟ ਰਖਣੀ ਕਿਸੇ ਤੇ ਜ਼ੋਰ ਜ਼ੁਲਮ ਨਹੀਂ ਕਰਨਾ। ਗਊ ਗਰੀਬ ਦੀ ਰਖਿਆ ਕਰਨੀ, ਪਰਜਾ ਦੀ ਤਨੋਂ ਮਨੋਂ ਰਾਖੀ ਕਰਨੀ ਤੇ ਸਦੀਵ ਭਲਾ ਲੋਚਨਾ, ਸੋ ਅਸੀਂ ਚਲਦੇ ਹਾਂ।" ਹਜ਼ੂਰ ਤੋਂ ਇਹ ਬਚਨ ਸੁਣ ਕੇ ਇਹ ਦੋਵੇਂ ਵੈਰਾਗ ਵਿਚ ਆ ਗਏ, ਲਗੇ ਜੋਦੜੀਆਂ ਕਰਨ। ਰੋ ਰੋ ਕੇ ਪਿਆਰੇ ਦੇ ਚਰਨ ਧੋਈ ਜਾਂਦੇ ਹਨ ਜੋ ਹਜ਼ੂਰ ਆਪ ਜੀ ਤੋਂ ਵਿਛੜਕੇ ਕਿਵੇਂ ਜੀਵਾਂਗੇ। ਆਪਣੇ ਚਰਨਾਂ ਤੋਂ ਨਾ ਵਿਛੋੜੋ। ਆਪ ਜੀ ਦੇ ਦਰਸ਼ਨ ਕਰਕੇ ਮਨ ਵਿਚੋਂ ਮੋਹ ਮਾਇਆ ਸਭ ਕਟੀ ਗਈ ਹੈ। ਹੁਣ ਰਾਜ ਭਾਗ, ਪੁਤ੍ਰ, ਇਸਤਰੀ ਦੀ ਕੋਈ ਮੋਹ ਮਮਤਾ ਨਹੀਂ ਰਹੀ। ਕੇਵਲ ਆਪ ਜੀ ਦੇ ਚਰਨ ਅੰਦਰ ਵਸ ਰਹੇ ਹਨ। ਮਨ ਹੀ ਮਨ ਵਿਚ ਜੋਦੜੀਆਂ ਕਰ ਰਹੇ ਹਨ ਜੋ ਜਨਵਾੜੇ ਨਾਲ ਚਲੋ ਕੋਈ ਸੇਵਾ ਕਰ ਲਈਏ। ਸਾਡਾ ਮਾਤਲੋਕ ਵਿਚ ਆਇਆ ਸਫਲ ਹੋ ਜਾਵੇ। ਸਾਡੀ ਪਰਜਾ, ਰਾਜ ਭਾਗ, ਬਾਗ ਬਗੀਚੇ, ਮਾੜੀਆਂ, ਤਬੇਲੇ ਆਦਿ ਸਭ ਸਫਲ ਹੋ ਜਾਂਦੇ ਜਦੋਂ ਆਪ ਜੀ ਦੇ ਪਾਵਨ ਚਰਨ ਕੰਵਲ ਉਥੇ ਪੈਂਦੇ। ਇਸ ਸਰੀਰ ਨਾਲ ਕੁਝ ਸੇਵਾ ਕਮਾ ਲੈਂਦੇ। ਇਨ੍ਹਾਂ ਗਿਣਤੀਆਂ ਵਿਚ ਵਹਿੰਦਿਆਂ ਨੂੰ ਤਕ ਕੇ ਮਹਾਰਾਜ ਨੇ ਇਨ੍ਹਾਂ ਨੂੰ ਸਮਝਾਉਣ ਲਈ ਫਿਰ ਬਚਨ ਕੀਤਾ।

ਇਹੁ ਦਰਸ਼ਨ ਕੋ ਹਠ ਨਾ ਕਰੋ।
ਅਬਚਲ ਨਗਰ ਸਿਧਾਰਨ ਕਰੋ।

ਅਰਪਨ ਚਾਹੋ ਤਾਂ ਅਰਪੋ ਤਹਾਂ ।
ਪੰਚ ਸਿੰਘ ਮੇਰੇ ਹੈ ਜਹਾਂ ।
ਸਰਧਾ ਧਰਹੁ ਸਰੂਪ ਸੁ ਮੇਰਹੁ ।
ਪੂਰਹੁ ਕਾਮਨਾ ਪੂਜਹੁ ਹੇਰਹੁ ।

ਭਾਈ ਇਨ੍ਹਾਂ ਦਰਸ਼ਨਾਂ ਦਾ ਹਠ ਛਡ ਦੇਵੋ । ਸਾਡੇ ਪੰਜਾਂ ਸਿੰਘਾਂ ਵਿਚ ਸਾਡੇ ਦਰਸ਼ਨ ਹੋਣਗੇ ਜੋ ਸੇਵਾ ਕਰਨੀ ਹੈ ਉਹ ਅਬਚਲਨਗਰ ਜਾ ਕੇ ਖਾਲਸੇ ਦੇ ਖੁਸ਼ੇ ਲੈਣੇ । ਆਪ ਦੀਆਂ ਸਭ ਕਾਮਨਾਂ ਪੂਰੀਆਂ ਹੋਣਗੀਆਂ । ਆਪ ਨੂੰ ਹੁਣ ਖਾਲਸੇ ਦੇ ਲੜ ਲਾਇਆ ਹੈ ਕੋਈ ਫਿਕਰ ਨਹੀਂ ਕਰਨਾ । ਇੰਨਾ ਉਪਦੇਸ਼ ਦੇਕੇ ਗੁਰੂ ਮਹਾਰਾਜ ਜੀ ਤਾਂ ਅੰਤਰ ਧਿਆਨ ਹੋ ਗਏ ।

ਇਮ ਕਹ ਹੋਏ ਅੰਤਰ ਧਿਆਨ ।
ਸ੍ਰੀ ਗੁਰੂ ਗੋਬਿੰਦ ਸਿੰਘ ਸੁਜਾਨ ।
ਬੰਨੇ ਸਹਾਇਕ ਬੰਦ ਖਲਾਸੀ ।
ਨਿਜ ਦਾਸਨ ਕਾਟਤ ਜਮ ਫਾਸੀ ।

ਹੁਣ ਮਹਾਰਾਜ ਤਾਂ ਅਲੋਪ ਹੋ ਗਏ । ਇਹ ਦੋਵੇਂ ਉਥੇ ਹੀ ਇਕ ਪਿਪਲ ਦੇ ਬ੍ਰਿਛ ਥਲੇ ਗੁਰੂ ਜੀ ਦੇ ਪ੍ਰੇਮ ਵੈਰਾਗ ਵਿਚ ਟਿਕ ਗਏ । ਕਿੰਨੇ ਦਿਨ ਇਸੇ ਤਰ੍ਹਾਂ ਸਮਾਧੀ ਵਿਚ ਬੈਠੇ ਰਹੇ । ਖਾਣ ਪੀਣ ਦੀ ਕੋਈ ਰੁਚੀ ਨਹੀਂ ਹੈ ਪਰ ਪ੍ਰੀਤਮ ਦੇ ਪਿਆਰ ਵਿਚ ਮਸਤ ਹਨ । ਜਦੋਂ ਅਖਾਂ ਬੰਦ ਕਰਦੇ ਹਨ ਤਾਂ ਅੰਦਰ ਪ੍ਰੀਤਮ ਵਸਦਾ ਨਜ਼ਰੀ ਪੈਂਦਾ ਹੈ ਜਦੋਂ ਅਖਾਂ ਖੋਲ੍ਹਦੇ ਹਨ ਜਿਸ

ਦਿਸ਼ਾ ਵਲ ਦੇਖਦੇ ਹਨ ਉਧਰ ਹੀ ਗੁਰੂ ਜੀ ਦੇ ਦਰਸ਼ਨ ਹੁੰਦੇ ਹਨ। ਬੜੀ ਵਚਿਤ੍ਰ ਖੇਡ ਵਰਤ ਰਹੀ ਹੈ। ਕਈ ਦਿਨਾਂ ਦੀ ਇਸ ਤਰ੍ਹਾਂ ਦੀ ਅਗੂੜ ਅਵਸਥਾ ਪਿਛੋਂ ਇਨ੍ਹਾਂ ਨੂੰ ਹਜ਼ੂਰ ਦੇ ਬਚਨ ਯਾਦ ਆਏ ਤੇ ਇਥੋਂ ਸ੍ਰੀ ਅਬਚਲਨਗਰ ਸਾਹਿਬ ਨੂੰ ਚਲ ਪਏ। ਜਿਥੇ ਮਹਾਰਾਜ ਨੇ ਇਨ੍ਹਾਂ ਨੂੰ ਉਤਾਰਿਆ ਸੀ ਇਹ ਇਕ ਨਦੀ ਦਾ ਕੰਢਾ ਸੀ ਅਤੇ ਨਾਲ ਹੀ ਇਕ ਪਿਪਲ ਦਾ ਬ੍ਰਿਛ ਸੀ। ਇਹ ਉਹੀ ਅਸਥਾਨ ਹੈ ਜਿਥੇ ਅਜ ਕਲ ਮਨਮਾੜ ਵਿਚ ਗੁ: ਗੁਪਤਸਰ ਸਾਹਿਬ ਸਸ਼ੋਭਤ ਹੈ। ਮਨਮਾੜ ਨਗਰ ਦਿੱਲੀ-ਬੰਬਈ ਮੇਨ ਲਾਈਨ ਤੇ ਭਾਰੀ ਜੰਕਸ਼ਨ ਹੈ ਤੇ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਨੰਦੇੜ ਜਾਣ ਲਈ ਇਥੋਂ ਹੀ ਗੱਡੀ ਬਦਲਦੀ ਹੈ। ਜੇ ਇਸ ਨੂੰ ਸ੍ਰੀ ਸਚਖੰਡ ਸਾਹਿਬ ਜੀ ਦੀ ਦਰਸ਼ਨੀ ਡਿਉੜੀ ਕਹਿ ਦਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਥੇ ਮਹਾਰਾਜ ਜੀ ਦੇ ਨੀਲੇ ਸਮੇਤ ਚਰਨ ਪਏ ਹਨ। ਸੰਗਤਾਂ ਦਰਸ਼ਨ ਕਰਕੇ ਨਿਹਾਲ ਹੁੰਦੀਆਂ ਹਨ ਤੇ ਮਨੋ ਕਾਮਨਾ ਪਾਂਦੀਆਂ ਹਨ।

ਸ੍ਰੀ ਅਬਚਲਨਗਰ ਪੁਜਣ ਤੇ ਇਨ੍ਹਾਂ ਦੋਵਾਂ ਦਾ ਖਾਲਸੇ ਨੇ ਬੜਾ ਆਦਰ ਮਾਨ ਕੀਤਾ ਤੇ ਇਨ੍ਹਾਂ ਪਾਸੋਂ ਗੁਰੂ ਜੀ ਦੇ ਕੌਤਕ ਸੁਣਕੇ ਬਹੁਤ ਵਿਸਮਾਦ ਹੋਏ। ਫ਼ਿਰ ਖਾਲਸੇ ਦੀ ਆਗਿਆ ਪਾਕੇ ਇਹ ਆਪਣੀ ਰਾਜਧਾਨੀ ਜਨਵਾੜੇ ਗਏ। ਪਰਜਾ ਨੇ ਇਨ੍ਹਾਂ ਦਾ ਭਾਰੀ ਸੁਆਗਤ ਕੀਤਾ, ਬੜੀਆਂ ਖੁਸ਼ੀਆਂ ਮਨਾਈਆਂ। ਇਹ ਦੋਵੇਂ ਸੂਰਬੀਰ ਸਾਰੀ ਉਮਰ ਗੁਰੂ ਘਰ ਨਾਲ ਜੁੜੇ ਰਹੇ।

ਸਾਲ ਵਿਚ ਕੁਝ ਸਮਾਂ ਸ੍ਰੀ ਅਬਚਲਨਗਰ ਸਾਹਿਬ ਖਾਲਸੇ ਦੀ ਸੇਵਾ ਤੇ ਸਤਿਸੰਗ ਵਿਚ ਜ਼ਰੂਰ ਗੁਜ਼ਾਰਦੇ ਤੇ ਸੇਵਾ ਕਰਕੇ ਜਨਮ ਸਫਲਾ ਕਰਦੇ। ਉਸ ਵੇਲੇ ਸ੍ਰੀਮਾਨ ਭਾਈ ਚੜ੍ਹਤ ਸਿੰਘ ਜੀ, ਚੰਗੀ ਕਰਨੀ ਕਮਾਈ ਵਾਲੇ ਮਹਾਂਪੁਰਸ਼, ਇਥੇ ਤਖਤ ਸਾਹਿਬ ਤੇ ਹੈਡ ਪੁਜਾਰੀ ਦੀ ਸੇਵਾ ਕਰ ਰਹੇ ਸਨ। ਗੁਰੂ ਮਹਾਰਾਜ ਇਥੇ ਦੇਗ ਲੰਗਰ ਚਲਾਉਣ ਲਈ ਹੁਕਮ ਕਰ ਗਏ ਸਨ ਸੋ ਹਾਲਾਂ ਤਕ ਇਥੇ ਕੋਈ ਪਕੀ ਇਮਾਰਤ ਨਹੀਂ ਸੀ ਬਣੀ। ਇਨ੍ਹਾਂ ਦੋਵਾਂ ਨੇ ਕਾਫੀ ਧਨ ਖਰਚ ਕਰਕੇ ਹੈਡ ਪੁਜਾਰੀ ਦੇ ਰਹਿਣ ਲਈ ਇਕ ਸ਼ਾਨਦਾਰ ਦੁਮੰਜ਼ਲਾ ਬੁੰਗਾ ਬਣਵਾਇਆ ਜਿਸ ਦਾ ਦਰਸ਼ਨ ਕਰਕੇ ਅਜ ਵੀ ਸੰਗਤਾਂ ਨਿਹਾਲ ਹੁੰਦੀਆਂ ਹਨ ਤੇ ਇਨ੍ਹਾਂ ਦੀ ਸਿਦਕ-ਦਿਲੀ ਦੀ ਦਾਦ ਦਿੰਦੀਆਂ ਹਨ। ਇਨ੍ਹਾਂ ਦੋਹਾਂ ਭਰਾਵਾਂ ਦੀ ਮਾਈ ਭਾਗ ਕੌਰ ਜੀ ਤੇ ਬਹੁਤ ਸ਼ਰਧਾ ਸੀ। ਇਸ ਬੁੰਗੇ ਦਾ ਨਾਮ ਵੀ ਮਾਈ ਦੇ ਨਾਮ ਤੇ ਮਾਈ ਭਾਗੋ ਜੀ ਦਾ ਬੁੰਗਾ ਰਖਿਆ ਤੇ ਆਉਣ ਲਗਿਆਂ ਮਾਈ ਜੀ ਨੂੰ ਆਪਣੇ ਨਾਲ ਜਨਵਾੜੇ ਲਿਆਏ ਤੇ ਸਾਰੀ ਉਮਰ ਬੜੀ ਪ੍ਰੇਮ ਸ਼ਰਧਾ ਨਾਲ ਆਪਣੇ ਪਾਸ ਰਖਕੇ ਸੇਵਾ ਕਰਦੇ ਰਹੇ। ਮਾਈ ਜੀ ਨੇ ਇਧਰ ਕਾਫੀ ਧਰਮ ਪ੍ਰਚਾਰ ਕੀਤਾ ਹੈ ਤੇ ਖਾਸ ਕਰਕੇ ਵਣਜਾਰੇ ਸਿਖ ਆਪ ਜੀ ਦੇ ਬਹੁਤ ਸ਼ਰਧਾਲੂ ਸਨ। ਅੰਤ ਨੂੰ ਮਾਈ ਜੀ ਨੇ ਇਥੇ ਹੀ ਚਲਾਣਾ ਕੀਤਾ ਤੇ ਉਨ੍ਹਾਂ ਦੀ ਯਾਦ ਵਿਚ ਜਨਵਾੜੇ ਵਿਚ ਇਕ ਸੁੰਦਰ ਗੁਰਦੁਆਰਾ ਬਣ ਚੁਕਾ ਹੈ।

# ਇਮਾਰਤੀ ਸੇਵਾ

ਇਥੇ ਹੁਣ ਸੁੰਦਰ ਗੁਰਦੁਆਰਾ ਬਣਿਆ ਹੈ ਜਿਸਦੀ ਸੇਵਾ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਕਰਾਈ ਹੈ। ਗੁਪਤ ਖੂਹ ਥਲੋਂ ਪ੍ਰਗਟ ਕਰਕੇ ਮਹਾਂਪੁਰਸ਼ਾਂ ਨੇ ਇਸ ਅਸਥਾਨ ਦਾ ਨਾਮ ਗੁਪਤਸਰ ਰਖਿਆ ਹੈ। ਸੰਤ ਬਾਬਾ ਆਤਮਾ ਸਿੰਘ ਜੀ ਮੋਨੀ, ਜੋ ਗੁ: ਲੰਗਰ ਸਾਹਿਬ ਜੀ ਵਿਖੇ ਵੀ ਮਹਾਨ ਸੇਵਾ ਕਰਵਾਂਦੇ ਰਹੇ ਹਨ ਨੇ ਦਾਸ ਨੂੰ ਕੁਝ ਅੱਖੀਂ ਦੇਖੀਆਂ ਸਾਖੀਆਂ ਸੁਣਾਈਆਂ ਹਨ ਜੋ ਸਿਖਿਆ ਦਾਇਕ ਹੋਣ ਤੋਂ ਇਲਾਵਾ ਬੜੀਆਂ ਰੌਚਕ ਵੀ ਹਨ ਜੋ ਅੱਗੇ ਦੇ ਰਹੇ ਹਾਂ।

ਸੰਨ ੧੯੩੩ ਈਸਵੀ ਦੀ ਗੱਲ ਹੈ ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਜਥੇ ਸਮੇਤ (ਜਿਸ ਵਿਚ ਸੰਤ ਮੋਨੀ ਜੀ ਵੀ ਸਨ) ਪੰਜਾਬ ਵਿਚ ਗੁਰਦੁਆਰਾ ਮਨਮਾੜ ਦੀ ਉਗਰਾਹੀ ਕਰਦੇ ਕਰਦੇ ਜਦੋਂ ਪਟਿਆਲੇ ਪੁਜੇ ਤਾਂ ਗੁਰਦੁਆਰਾ ਸਾਹਿਬ ਵਿਚ ਦੀਵਾਨ ਲਾਇਆ। ਸੰਗਤ ਥੋੜੀ ਹੋਣ ਕਰਕੇ ਕੋਈ ਖਾਸ ਸੇਵਾ ਨਾ ਹੋ ਸਕੀ ਤਾਂ ਇਕ ਪ੍ਰੇਮੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਜੋ ਆਪ ਜੀ ਸਰਦਾਰਾਂ ਦੀਆਂ ਕੋਠੀਆਂ ਵਿਚ ਜਾਵੋ ਉਥੋਂ ਬਹੁਤ ਸੇਵਾ ਮਿਲੇਗੀ ਤੇ ਇਕ ਦੋਵਾਂ ਦਾ ਨਾਮ ਪਤਾ ਵੀ ਲਿਖ ਦਿਤਾ। ਬਾਬਾ ਜੀ ਜਥੇ ਸਮੇਤ ਇਕ ਸਰਦਾਰ ਦੀ ਕੋਠੀ ਚਲੇ ਗਏ ਤੇ ਜਾ ਫਤਿਹ ਗਜਾਈ। ਸਰਦਾਰ ਨੇ ਫਤਿਹ ਦਾ ਜਵਾਬ ਤਾਂ ਕੀ ਦੇਣਾ ਸੀ ਉਸਦੀ ਇਕ ਤਿਊੜੀ ਆਏ ਇਕ ਜਾਏ। ਜਦੋਂ ਬਾਬਾ ਜੀ ਗੁਰਦੁਆਰਾ ਸਾਹਿਬ ਲਈ ਸੇਵਾ ਦੀ ਬੇਨਤੀ ਕਰਨ ਲਗੇ ਤਾਂ

ਸਰਦਾਰ ਆਪਣੀ ਬਰਦਾਸ਼ਤ ਤੋਂ ਬਾਹਰ ਹੋ ਗਿਆ ਤੇ ਪੈਂਦਿਆਂ ਹੀ ਮਹਾਂਪੁਰਸ਼ਾਂ ਦੇ ਦੋ ਤਿੰਨ ਥਪੜ ਜੜ ਦਿਤੇ ਤੇ ਕੁਬਚਨ ਬੋਲਣ ਲਗ ਪਿਆ। ਅਸੀਂ ਸਾਰੇ ਇਹ ਵੇਖਕੇ ਹਕੇ ਬਕੇ ਰਹਿ ਗਏ ਤੇ ਭਾਵੇਂ ਉਸ ਸਰਦਾਰ ਨੂੰ ਫੜ ਹੀ ਲੈਂਦੇ, ਪਰ ਸਾਡੀ ਹੈਰਾਨੀ ਦੀ ਹਦ ਹੀ ਨਾ ਰਹੀ ਜਦੋਂ ਥਪੜ ਖਾ ਕੇ ਮਹਾਂਪੁਰਸ਼ ਬਾਬਾ ਜੀ ਜੋਰ ਜੋਰ ਨਾਲ ਹਸਨ ਲਗ ਪਏ ਤੇ ਬਹੁਤ ਹੀ ਹਸੇ। ਬਾਬਾ ਜੀ ਦੀ ਆਗਿਆ ਨਾਲ ਉਥੋਂ ਅਸੀਂ ਆਪਣੇ ਟਿਕਾਣੇ ਤੇ ਆਏ ਹੋਰ ਕਿਤੇ ਨਹੀਂ ਗਏ। ਪਰ ਬਾਬਾ ਜੀ ਸਾਰਾ ਰਸਤਾ ਹਸਦੇ ਹੀ ਆਏ ਤੇ ਡੇਰੇ ਆ ਕੇ ਕਾਫੀ ਚਿਰ ਹਸਦੇ ਰਹੇ। ਕੁਝ ਸਮਾਂ ਪਾਕੇ ਜਦੋਂ ਇਸ ਸਾਰੀ ਖੇਡ ਦਾ ਕਾਰਨ ਜਾਨਣ ਲਈ ਬਾਬਾ ਜੀ ਨੂੰ ਬੇਨਤੀ ਕਰਦੇ ਤਾਂ ਮਹਾਂਪੁਰਸ਼ ਫਿਰ ਹਸ ਪੈਂਦੇ। ਕਾਫ਼ੀ ਬੇਨਤੀ ਕਰਨ ਤੋਂ ਬਾਦ ਕੇਵਲ ਇਨਾ ਹੀ ਮਹਾਂਪੁਰਸ਼ਾਂ ਨੇ ਦਸਿਆ ਜੋ ਇਸ ਵਿਚਾਰੇ ਦਾ ਕੀ ਗੁਸਾ ਕਰਨਾ ਸੀ, ਇਹ ਤਾਂ ਕੁਝ ਘੜੀਆਂ ਦਾ ਮਹਿਮਾਨ ਹੈ। ਖੇਡ ਸਭ ਨਿਰੰਕਾਰ ਦੇ ਹੁਕਮ ਵਿਚ ਹੋ ਰਹੀ ਹੈ, ਉਹ ਕਦੇ ਪ੍ਰੇਮ ਕਰਦਾ ਹੈ, ਕਦੇ ਥਪੜ ਵੀ ਮਾਰਦਾ ਹੈ, ਇਹ ਤਾਂ ਉਸਦੀ ਮੌਜ ਹੈ। ਠੀਕ ਸਵੇਰੇ ਇਕ ਸਿੰਘ ਨੇ ਆਕੇ ਮਹਾਂਪੁਰਸ਼ ਬਾਬਾ ਜੀ ਦੇ ਚਰਨ ਫੜ ਲਏ ਅਤੇ ਉਚੀ ਉਚੀ ਰੋਣ ਲਗ ਪਿਆ, ਤੇ ਲਗਾ ਭੁੱਲਾਂ ਬਖਸ਼ਾਉਣ। ਸਾਨੂੰ ਮਾਮਲੇ ਦੀ ਕੋਈ ਸਮਝ ਨਾ ਪਵੇ ਤੇ ਮਹਾਂਪੁਰਸ਼ਾਂ ਨੂੰ ਫਿਰ ਹਾਸਾ ਆਈ ਜਾਵੇ। ਫਿਰ ਸਾਡੇ ਪੁਛਣ ਤੇ ਉਨ੍ਹਾਂ ਨੇ ਦਸਿਆ ਜੋ ਉਹ ਸਰਦਾਰ ਰਾਤ ਨੂੰ ਚੜ੍ਹਾਈ ਕਰ ਗਿਆ ਹੈ ਤੇ ਸਭ ਹੁਣ ਕਹਿੰਦੇ ਹਨ ਜੋ ਮਹਾਂਪੁਰਸ਼ਾਂ ਦੀ ਬੇਅਦਬੀ ਕਰਕੇ ਇਹ ਫਲ ਮਿਲਿਆ ਹੈ

ਇਸ ਨੂੰ ਮਹਾਂਪੁਰਸ਼ਾਂ ਦਾ ਸਰਾਪ ਲੈ ਬੈਠਾ ਹੈ, ਹੁਣ ਇਸ ਨੂੰ ਮਹਾਂਪੁਰਸ਼ ਹੀ ਬਖਸ਼ਕੇ ਜਿਵਾਲ ਸਕਦੇ ਹਨ। ਜਿਉਂ ਜਿਉਂ ਉਹ ਇਸ ਤਰ੍ਹਾਂ ਦੀਆਂ ਜੋਦੜੀਆਂ ਕਰੇ ਬਾਬਾ ਜੀ ਨੂੰ ਜ਼ੋਰ ਜ਼ੋਰ ਹਾਸਾ ਆ ਜਾਵੇ। ਸੰਤ ਮੋਨੀ ਦਸਦੇ ਸਨ ਜੋ ਅੰਤ ਨੂੰ ਮੈਂ ਉਸ ਨੂੰ ਸਮਝਾਇਆ ਜੋ ਮਹਾਂਪੁਰਸ਼ਾਂ ਨੇ ਤਾਂ ਮੂਹੋਂ ਬਚਨ ਤਕ ਨਹੀਂ ਕਢਿਆ, ਨਾ ਹੀ ਕੋਈ ਗੁਸਾ ਮਨਾਇਆ ਹੈ। ਕ੍ਰੋਧ ਕਰਨ ਦੀ ਥਾਂ ਉਹ ਜ਼ੋਰ ਜ਼ੋਰ ਦੀ ਹਸਨ ਲਗ ਪਏ ਸਨ ਜਿਸ ਨੂੰ ਵੇਖਕੇ ਸਾਰੇ ਹੈਰਾਨ ਸਨ। ਫਿਰ ਸਰਾਪ ਕਿਸ ਵੇਲੇ ਦੇ ਲਿਆ। ਇਹ ਸਭ ਹੁਕਮ ਵਿਚ ਆਣਾ ਜਾਣਾ ਬਣਿਆ ਹੈ ਤੇ ਭਾਣਾ ਮੰਨਣਾ ਹੀ ਗੁਰਸਿਖੀ ਹੈ। ਬਾਕੀ ਇਹ ਸਰਦਾਰ ਨੇ ਚੰਗਾ ਨਹੀਂ ਸੀ ਕੀਤਾ। ਸਾਨੂੰ ਸਭ ਨੂੰ ਬਹੁਤ ਗੁਸਾ ਆਇਆ ਸੀ, ਪਰ ਕੀ ਕਰਦੇ, ਜੋ ਬਾਬਾ ਜੀ ਜਿਨ੍ਹਾਂ ਦੀ ਨਿਰਾਦਰੀ ਹੋਈ ਸੀ, ਉਹੀ ਹਸੀ ਜਾਂਦੇ ਸਨ ਤਾਂ ਸਾਡਾ ਕ੍ਰੋਧ ਕਰਨਾ ਫਜ਼ੂਲ ਸੀ। ਅਸੀਂ ਵੀ ਨਿਰੰਕਾਰ ਦੇ ਭਾਣੇ ਵਿਚ ਆ ਗਏ। ਸੋ ਇਸ ਤਰ੍ਹਾਂ ਸਮਝਾ ਬੁਝਾ ਕੇ ਉਸ ਗੁਰਮੁਖ ਨੂੰ ਵਾਪਸ ਤੋਰਿਆ, ਜੋ ਤੁਰਨ ਲਗਿਆਂ ਵੀ ਸਿਸਕੀਆਂ ਭਰੀ ਜਾਂਦਾ ਸੀ।

ਇਸੇ ਤਰ੍ਹਾਂ ਗੁ: ਗੁਪਤਸਰ ਮਨਮਾੜ ਦੀ ਉਗਰਾਹੀ ਲਈ ਸ੍ਰੀਮਾਨ ਬਾਬਾ ਜੀ ਜਥੇ ਸਮੇਤ ਮੁਲਤਾਨ (ਹੁਣ ਪਾਕਿਸਤਾਨ) ਪੁਜ ਗਏ। ਰਾਤ ਨੂੰ ਗੁਰਦੁਆਰਾ ਸਾਹਿਬ ਵਿਚ ਦੀਵਾਨ ਲਗਿਆ, ਸੰਗਤ ਨੇ ਬਹੁਤ ਪ੍ਰੇਮ ਕੀਤਾ। ਸਵੇਰੇ ਸੰਗ੍ਰਾਂਦ ਸੀ। ਪ੍ਰਬੰਧਕਾਂ ਦੇ ਕਹਿਣ ਤੇ ਬਾਬਾ ਜੀ ਸਵੇਰੇ ਟਾਂਗਿਆਂ ਤੇ ਬੈਠਕੇ ਨਾਲ ਦੇ ਚਕਾਂ ਨੂੰ ਚਲ ਪਏ। ਇਹ ਚਕ ਨੰ. ੧੮ ਸੀ ਤੇ ਨਾਲ

ਹੀ ਚਕ ਨੰ. ੧੯ ਸੀ। ਇਥੇ ਦੁਆਬੇ ਤੋਂ ਫੌਜਾ ਸਿੰਘ, ਜਿਨ੍ਹਾਂ ਨੂੰ ਸਰਕਾਰੋਂ ਮੁਰੱਬੇ ਇਨਾਮ ਮਿਲੇ ਸਨ, ਆ ਕੇ ਇਥੇ ਆਬਾਦ ਹੋਏ ਸਨ ਤੇ ਕਾਫੀ ਤਾਂ ਮਹਾਂਪੁਰਸ਼ਾਂ ਦੀ ਬਰਾਦਰੀ ਵਿਚੋਂ ਸਨ ਜਿਸਦਾ ਸਾਨੂੰ ਕਿਸੇ ਨੂੰ ਕੁਝ ਪਤਾ ਨਹੀਂ ਸੀ। ਟਾਂਗੇ ਤੇ ਜਾਂਦਿਆਂ ਕੁਝ ਦੇਰ ਹੋ ਗਈ। ਜਦੋਂ ਗੁਰਦੁਆਰੇ ਪੁਜੇ ਤਾਂ ਦੀਵਾਨ ਦੀ ਸਮਾਪਤੀ ਹੋਕੇ ਪ੍ਰਸ਼ਾਦਿ ਵਰਤ ਰਿਹਾ ਸੀ। ਸੰਗਤਾਂ ਨੇ ਬੜਾ ਮਾਨ ਆਦਰ ਦਿਤਾ ਤੇ ਦੋਬਾਰਾ ਸੰਗ੍ਰਾਂਦ ਦਾ ਦੀਵਾਨ ਸਜ ਗਿਆ। ਸੰਗਤ ਆਉਣੀ ਸ਼ੁਰੂ ਹੋ ਗਈ। ਸ੍ਰੀਮਾਨ ਬਾਬਾ ਜੀ ਭਾਰੀ ਖੜਤਾਲਾਂ ਨਾਲ ਦੀਵਾਨ ਵਿਚ ਖੜੇ ਹੋ ਕੇ ਆਪਣੀ ਇਲਾਹੀ ਰੰਗਨ ਵਿਚ ਕੀਰਤਨ ਕਰਨ ਲਗੇ ਸਨ। ਸਿਧੇ ਸਿਧੇ ਜੋਟੀਆਂ ਦੇ ਸ਼ਬਦ ਪੜ੍ਹਦੇ, ਬੜਾ ਅਨੰਦ ਆਉਂਦਾ ਸੀ। ਜਦੋਂ ਮਹਾਂਪੁਰਸ਼ ਕੀਰਤਨ ਕਰਦੇ ਸਨ ਤਾਂ ਇਉਂ ਪ੍ਰਤੀਤ ਹੋਣ ਲਗਦਾ ਸੀ ਜੋ ਗੁਰੂ ਮਹਾਰਾਜ ਸਾਹਮਣੇ ਸੁਭਾਇਮਾਨ ਹਨ ਤੇ ਮਹਾਂਪੁਰਸ਼ ਉਨ੍ਹਾਂ ਅਗੇ ਸਨਮੁਖ ਹੋ ਕੇ ਜੋਦੜੀਆਂ ਤੇ ਬੇਨਤੀਆਂ ਕਰ ਰਹੇ ਹਨ। ਦੀਵਾਨ ਵਿਚ ਬਿਲਕੁਲ ਚੁਪ ਚਾਪ ਸ਼ਾਂਤੀ ਵਰਤ ਜਾਂਦੀ ਸੀ। ਸਾਰੇ ਪ੍ਰੇਮੀ ਕਿਸੇ ਇਲਾਹੀ ਰੰਗਨ ਵਿਚ ਰੰਗੇ ਕੀਰਤਨ ਦੀ ਧੁਨੀ ਨਾਲ ਕੀਲੇ ਜਾਂਦੇ ਸਨ। ਕੋਈ ਜਾਦੂ ਦਾ ਅਸਰ ਸੀ ਮਹਾਪੁਰਸ਼ਾਂ ਦੀ ਜਬਾਨ ਵਿਚ। ਉਸ ਵੇਲੇ ਲਾਉਡ ਸਪੀਕਰ ਨਹੀਂ ਸੀ ਹੁੰਦੇ ਤੇ ਮਹਾਂਪੁਰਸ਼ ਬੜੀ ਉਚੀ ਸੁਰ ਵਿਚ ਸ਼ਬਦ ਅਲਾਪਦੇ ਸਨ। ਖਾਸ ਕਰਕੇ ਜਦੋਂ ਇਹ ਸ਼ਬਦ ਪੜ੍ਹਦੇ ਸਨ "ਬਾਜਾਂ ਵਾਲੇ ਸਾਹਿਬਾ ਹੋਰ ਆਸਰਾ ਨਾ ਕੋਈ-ਇਕ ਤੇਰੇ ਚਰਨਾਂ ਦਾ ਆਸਰਾ" ਬਾਬਾ ਜੀ ਕਿਸੇ ਅਨੋਖੀ ਮਸਤੀ ਤੇ ਵਜਦ ਵਿਚ ਆ

ਜਾਂਦੇ, ਕਈ ਕਈ ਵਾਰੀ ਪ੍ਰੇਮ ਵਿਚ ਨੱਚਨ ਵੀ ਲਗ ਜਾਂਦੇ ਤੇ ਘੰਟਾ ਘੰਟਾ ਆਪ ਬੰਦ ਨੇਤਰਾਂ ਨਾਲ ਕਿਸੇ ਅਗੰਮੀ ਪਿਆਰ ਵਿਚ ਇਹੀ ਸ਼ਬਦ ਬਾਰ ਬਾਰ ਪੜ੍ਹ ਜਾਂਦੇ, ਬੜਾ ਰਸ ਬਝਦਾ ਸੀ ਸਾਰੀ ਸੰਗਤ ਵੀ ਝੂਮ ਉਠਦੀ ਸੀ। ਅਜ ਇਸੇ ਸ਼ਬਦ ਦਾ ਕੀਰਤਨ ਹੋ ਰਿਹਾ ਸੀ ਤੇ ਦੀਵਾਨ ਸਜੇ ਨੂੰ ਹਾਲਾਂ ਅਧਾ ਕੁ ਘੰਟਾ ਹੀ ਹੋਇਆ ਸੀ ਜੋ ਦੀਵਾਨ ਵਿਚ ਇਕ ਪ੍ਰੇਮੀ ਸਿੰਘ ਹੱਥ ਜੋੜਕੇ ਖੜਾ ਹੋ ਗਿਆ। ਕਿੰਨਾ ਚਿਰ ਇਸੇ ਤਰ੍ਹਾਂ ਖੜਾ ਰਿਹਾ। ਮਹਾਂਪੁਰਸ਼ ਆਪਣੀ ਮੌਜ ਵਿਚ ਕੀਰਤਨ ਕਰੀ ਜਾਂਦੇ ਸਨ। ਕਾਫੀ ਸਮਾਂ ਹੋਰ ਲੰਘ ਗਿਆ ਤਾਂ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ। ਸਾਹਮਣੇ ਦੀਵਾਨ ਵਿਚ ਸਿੰਘ ਨੂੰ ਖੜਾ ਵੇਖਕੇ ਖੜਤਾਲਾਂ ਵਜਾਉਣੀਆਂ ਬੰਦ ਕਰ ਦਿਤੀਆਂ ਤੇ ਉਸ ਸਿੰਘ ਨੂੰ ਉਚੀ ਅਵਾਜ ਦਿਤੀ। "ਆ ਭਾਈ ਮੰਗਲ ਸਿੰਘ! ਉਰੇ ਆ ਜਾ, ਕੀ ਮੰਗਦਾ ਹੈਂ ਬਾਜਾਂ ਵਾਲੇ ਤੋਂ।" ਮਹਾਂਪੁਰਸ਼ਾਂ ਨੇ ਜਦੋਂ ਅਵਾਜ ਮਾਰੀ ਤਾਂ ਸਾਰੀ ਸੰਗਤ ਕੁਝ ਹੈਰਾਨ ਜਿਹੀ ਹੋਈ ਕਿਉਂ ਜੋ ਬਾਬਾ ਜੀ ਉਥੇ ਪਹਿਲੀ ਵਾਰੀ ਆਏ ਸਨ। ਇੰਨੇ ਨੂੰ ਭਾਈ ਮੰਗਲ ਸਿੰਘ ਬਾਬਾ ਜੀ ਦੇ ਕੋਲ ਆਕੇ ਖੜਾ ਹੋ ਗਿਆ, ਗਲ ਵਿਚ ਪਲਾ ਪਾਕੇ ਲਗਾ ਜੋਦੜੀਆਂ ਕਰਨ। "ਆਪ ਮਹਾਂਪੁਰਸ਼ ਹੋ, ਜਾਣੀ ਜਾਣ ਹੋ, ਤੁਹਾਥੋਂ ਕੀ ਲੁਕੋ ਹੈ। ਘਰ ਵਿਚ ਬੜਾ ਤਰਸੇਵਾਂ ਹੈ ਮਹਾਰਾਜ! ਚਾਰ ਪੰਜ ਕੁੜੀਆਂ ਹੀ ਹਨ ਮੁੰਡਾ ਕੋਈ ਨਹੀਂ ਹੈ, ਕ੍ਰਿਪਾ ਕਰੋ, ਜੜ੍ਹ ਹਰੀ ਹੋ ਜਾਵੇ, ਆਪ ਵਾਸਤੇ ਕੋਈ ਵੱਡੀ ਗੱਲ ਨਹੀਂ।" ਸੋ ਇਸ ਤਰ੍ਹਾਂ ਦੀਆਂ ਸਨਿਮਰ ਬੇਨਤੀਆਂ ਕਰੀ ਜਾ ਰਿਹਾ ਸੀ ਜੋ ਬਾਬਾ ਜੀ ਕਹਿਣ ਲਗੇ, "ਚੰਗਾ ਭਾਈ ਬਾਜਾਂ ਵਾਲੇ ਤੋਂ ਲੈ

ਦੇਂਦੇ ਹਾਂ। ਪਹਿਲਾਂ ਗੁਰੂ ਮਹਾਰਾਜ ਅਗੇ ਮਥਾ ਟੇਕ।" ਉਸਨੇ ਸਿਦਕ ਤੇ ਪਿਆਰ ਵਿਚ ਮਥਾ ਟੇਕਿਆ ਤਾਂ ਬਾਬਾ ਜੀ ਕਹਿਣ ਲਗੇ, 'ਕੀ ਸੇਵਾ ਕਰੇਂਗਾ ?' ਭਾਈ ਮੰਗਲ ਸਿੰਘ ਨੇ ਬੇਨਤੀ ਕੀਤੀ "ਮਹਾਰਾਜ ਜੋ ਆਪ ਜੀ ਹੁਕਮ ਕਰੋ, ਦਾਸ ਹਾਜ਼ਰ ਹੈ। ਆਪ ਮਾਲਕ ਹੋ ਪਰ ਭਾਰ ਮੇਰੇ ਵਿਤ ਅਨੁਸਾਰ ਹੀ ਸਿਰ ਤੇ ਰਖਣਾ, ਬਸ ਇੰਨੀ ਬੇਨਤੀ ਹੈ।" ਬਾਬਾ ਜੀ ਕਹਿਣ ਲਗੇ "ਚੰਗਾ ਭਾਈ, ਭੁਜੰਗੀ ਤਾਂ ਮੇਰਾ ਬਾਜਾਂ ਵਾਲਾ ਅਗਲੇ ਸਾਲ ਹੀ ਭੇਜ ਦੇਊਗਾ, ਉਸ ਦਾ ਨਾਮ ਗੁਰਦੇਵ ਸਿੰਘ ਰਖੀਂ, ਵਡੀ ਉਮਰ ਵਾਲਾ ਹੋਵੇਗਾ। ਸੰਗਤ ਨੂੰ ਪਕੀ ਰੋਟੀ ਕਰਨੀ ਤੇ ਸ੍ਰੀ ਅਖੰਡ ਪਾਠ ਜ਼ਰੂਰ ਕਰਾਉਣਾ। ਹੋਰ ਜੋ ਸਰੇ ਬਣੇ ਸੰਗਤ ਦੀ ਵਧ ਚੜ੍ਹਕੇ ਸੇਵਾ ਕਰਨੀ। ਗਰੀਬਾਂ ਨੂੰ ਖੁਲ੍ਹਾ ਲੰਗਰ ਛਕਾਉਣਾ। ਬਾਜਾਂ ਵਾਲੇ ਪਿਤਾ ਲੰਗਰ ਤੇ ਬਹੁਤ ਪ੍ਰਸੰਨ ਹੁੰਦੇ ਸਨ।" ਸੰਗਤ ਵਿਚ ਖੁਸ਼ੀਆਂ ਦੇ ਜੈਕਾਰੇ ਛਡੇ ਗਏ ਤੇ ਕੀਰਤਨ ਸ਼ੁਰੂ ਹੋ ਗਿਆ। ਸਾਰੀ ਸੰਗਤ ਇਕ ਰਸ ਹੋ ਕੀਰਤਨ ਸੁਣਨ ਲਗੀ। ਬਾਬਾ ਜੀ ਇਸੇ ਤਰ੍ਹਾਂ ਕਈ ਵਾਰ ਸਾਰਾ ਸਾਰਾ ਦਿਨ ਖੜੇ ਕੀਰਤਨ ਕਰਦੇ ਰਹਿੰਦੇ, ਸੰਗਤਾਂ ਵਿਚ ਬੜਾ ਪ੍ਰੇਮ ਪਿਆਰ ਹੁੰਦਾ ਸੀ, ਕਦੇ ਕੋਈ ਅਕੇਵੇਂ ਥਕੇਵੇਂ ਦੀ ਗੱਲ ਹੀ ਨਹੀਂ ਸੀ ਹੁੰਦੀ। ਕੋਈ ਇਲਾਹੀ ਰੰਗ ਤੇ ਸੁਆਦ ਕੀਰਤਨ ਵਿਚ ਆਉਂਦਾ ਸੀ। ਹਾਲਾਂ ਥੋੜਾ ਹੀ ਸਮਾਂ ਹੋਇਆ ਸੀ ਜੋ ਇਕ ਹੋਰ ਪ੍ਰੇਮੀ ਸਿੰਘ ਦੀਵਾਨ ਵਿਚ ਖੜਾ ਹੋ ਗਿਆ। ਬਾਬਾ ਜੀ ਦੇ ਨੇਤਰ ਮੂੰਦੇ ਸਨ ਤੇ ਕਿਸੇ ਇਲਾਹੀ ਮਸਤੀ ਵਿਚ ਕੀਰਤਨ ਦਾ ਅਨੰਦ ਮਾਣ ਰਹੇ ਸਨ। ਜਦੋਂ ਉਚੀ ਸੁਰ ਵਿਚ ਧਾਰਨਾ ਪੜ੍ਹਦੇ ਤਾਂ ਕਈ ਵਾਰੀ ਤਾਂ ਬਾਣੀ ਦੇ ਬਾਨਾਂ

ਨਾਲ ਕਈ ਪ੍ਰੇਮੀ ਬਿਹਬਲ ਹੋ ਉਠਦੇ, ਐਨਾ ਪ੍ਰੇਮ ਤੇ ਵੈਰਾਗ ਸੀ ਉਨ੍ਹਾਂ ਦੀ ਰਸਨਾ ਵਿਚ। ਹੁਣ ਸੰਗਤ ਵਿਚੋਂ ਕਈ ਸਜਣ ਕਦੇ ਤਾਂ ਉਸ ਖੜੇ ਸਿੰਘ ਵਲ ਦੇਖਦੇ ਫਿਰ ਮਹਾਂਪੁਰਸ਼ਾਂ ਵਲ ਦੇਖਣ ਲਗ ਪੈਂਦੇ ਤੇ ਕਈ ਤਾਂ ਹੌਲੀ ਮੁਸਕਰਾ ਵੀ ਪੈਂਦੇ। ਥੋੜੇ ਸਮੇਂ ਬਾਅਦ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ ਤੇ ਸਾਹਮਣੇ ਖੜੇ ਸਿੰਘ ਨੂੰ ਅਵਾਜ ਮਾਰੀ ! "ਕਰਤਾਰ ਸਿੰਘ ! ਤੂੰ ਵੀ ਉਰੇ ਆ ਜਾ, ਤੈਨੂੰ ਵੀ ਬਾਜਾਂ ਵਾਲੇ ਤੋਂ ਭੁਜੰਗੀ ਲੈ ਦੇਈਏ।" ਉਹ ਸਿੰਘ ਜਦੋਂ ਨੇੜੇ ਆਇਆ ਤਾਂ ਉਸਦੀ ਜ਼ਬਾਨ ਵਿਚ ਬਹੁਤ ਨਿਮਰਤਾ ਸੀ। ਬੇਨਤੀ ਕੀਤੀ, 'ਮਹਾਰਾਜ ! ਮੇਰੇ ਵੀ ਚਾਰ ਕੁੜੀਆਂ ਹੋਈਆਂ ਹਨ ਮੁੰਡਾ ਕੋਈ ਨਹੀਂ ਹੈ, ਮੈਂ ਗਰੀਬ ਤੇ ਵੀ ਕ੍ਰਿਪਾ ਦ੍ਰਿਸ਼ਟੀ ਕਰ ਦੇਵੋ। ਗੁਰੂ ਦੇ ਘਰ ਤਾਂ ਅਖੁਟ ਖਜ਼ਾਨੇ ਹਨ। ਆਪਣਾ ਗਰੀਬ ਸੇਵਕ ਜਾਣਕੇ ਤਰਸ ਕਰ ਲਵੋ।' ਹਾਲਾਂ ਇਹ ਬੇਨਤੀਆਂ ਕਰ ਹੀ ਰਿਹਾ ਸੀ ਜੋ ਬਾਬਾ ਜੀ ਕਹਿਣ ਲਗੇ, 'ਕੋਈ ਨਹੀਂ ਅਗਲੇ ਸਾਲ ਤੇਰੇ ਵੀ ਭੁਜੰਗੀ ਆ ਜਾਊ,* ਉਸਦਾ ਨਾਮ ਨਾਨਕ ਸਿੰਘ

*ਅਗਲੇ ਸਾਲ ਦੋਵਾਂ ਦੇ ਘਰ ਭੁਜੰਗੀ ਹੋ ਗਏ। ਸਭ ਨਗਰ ਨਿਵਾਸੀ ਧੰਨ ਧੰਨ ਬਾਬਾ ਨਿਧਾਨ ਸਿੰਘ ਕਰਨ ਲਗੇ। ਸ੍ਰ. ਮੰਗਲ ਸਿੰਘ ਦਾ ਲੜਕਾ ਗੁਰਦੇਵ ਸਿੰਘ ਆਪਣੇ ਪਿੰਡ ਲੁਟੇਰ (ਜਲੰਧਰ) ਆਪਣੀ ਜਿਮੀਂਦਾਰੀ ਕਰਦਾ ਹੈ ਤੇ ਸ੍ਰ. ਕਰਤਾਰ ਸਿੰਘ ਦਾ ਵਡਾ ਲੜਕਾ ਸ੍ਰ. ਨਾਨਕ ਸਿੰਘ ਜੀ ਅਜ ਕਲ ਫੌਜ ਵਿਚ ਸੂਬੇਦਾਰ ਹੈ ਤੇ ਛੋਟਾ ਸ੍ਰ. ਹਰਿ ਗੋਬਿੰਦ ਸਿੰਘ ਆਪਣੇ ਨਗਰ ਗੜ੍ਹ ਸ਼ੰਕਰ ਵਿਚ ਆਪਣੀ ਜਿਮੀਂਦਾਰੀ ਕਰਦਾ ਹੈ। ਸਭ ਤੇ ਗੁਰੂ ਮਹਾਰਾਜ ਜੀ ਦੀਆਂ ਬਹੁਤ ਮਿਹਰਾਂ ਹਨ।

ਰਖਣਾ। ਬਹੁਤ ਕਰਮਾਂ ਵਾਲਾ ਜੀਅ ਹੋਊਗਾ। ਸਾਧ ਸੰਗਤ ਦੀ ਸੇਵਾ ਕਰਦੇ ਰਹਿਣਾ। ਅਖੰਡ ਪਾਠ ਤੇ ਗੁਰੂ ਕਾ ਲੰਗਰ ਅਤੁੱਟ ਕਰਨਾ, ਗਰੀਬ ਗੁਰਬੇ ਨੂੰ ਖੂਬ ਰਜਾਉਣਾ। ਕਲਗੀਆਂ ਵਾਲੇ ਪਿਤਾ ਲੰਗਰ ਤੇ ਬਹੁਤ ਪ੍ਰਸੰਨ ਹੁੰਦੇ ਹਨ। ਜਾ ਹੁਣ ਮਥਾ ਟੇਕ ਕੇ ਦੀਵਾਨ ਵਿਚ ਸਜ ਜਾ।" ਹੁਣ ਬਾਬਾ ਜੀ ਨੇ ਸੰਗਤ ਵਲ ਮੁਖ ਕਰਕੇ ਬੇਨਤੀ ਕੀਤੀ "ਜੋ ਕੋਈ ਹੋਰ ਵੀ ਚਾਰ ਪੰਜ ਕੁੜੀਆਂ ਵਾਲਾ ਬੈਠਾ ਹੈ ਤਾਂ ਆ ਜਾਵੇ, ਉਸ ਨੂੰ ਵੀ ਬਾਜਾਂ ਵਾਲੇ ਤੋਂ ਭੁਜੰਗੀ ਲੈ ਦੇਈਏ, ਅਜ ਹਜ਼ੂਰ ਦਾ ਦਰ ਖੁਲ੍ਹਾ ਹੈ, ਉਹ ਵੀ ਆਕੇ ਝੋਲੀਆਂ ਭਰ ਲਵੇ।" ਇਸ ਪ੍ਰਕਾਰ ਬਾਬਾ ਜੀ ਨੇ ਦੋ ਵਾਰੀ ਬੇਨਤੀ ਕੀਤੀ ਪਰ ਦੀਵਾਨ ਵਿਚੋਂ ਹੋਰ ਕੋਈ ਨਹੀਂ ਉਠਿਆ। ਇਨ੍ਹਾਂ ਬਚਨਾਂ ਨੂੰ ਸੁਣਕੇ ਸਾਰੀ ਸੰਗਤ ਹੌਲੇ ਹੌਲੇ ਮੁਸਕਰਾਉਣ ਲਗ ਪਈ ਸੀ। ਇੰਨੇ ਨੂੰ ਭਾਈ ਕਰਤਾਰ ਸਿਘ ਮਥਾ ਟੇਕ ਕੇ, ਗੁਰੂ ਜੀ ਦੇ ਹਜ਼ੂਰ ਹਾਲਾਂ ਖੜੇ ਹੀ ਹੋਏ ਸਨ ਜੋ ਬਾਬਾ ਜੀ ਨੇ ਉਸ ਵਲ ਵੇਖਕੇ ਫੁਰਮਾਇਆ, "ਕਿਉਂ ਭਾਈ ਹੋਰ ਤਾਂ ਨਹੀਂ ਚਾਹੀਦਾ।" ਤਾਂ ਉਸਦਾ ਵੀ ਹਾਸਾ ਨਿਕਲ ਗਿਆ ਤੇ ਨਾਲ ਹੀ ਮਹਾਂਪੁਰਸ਼ ਵੀ ਨਿਮ੍ਹਾ ਨਿਮ੍ਹਾ ਮੁਸਕਰਾਉਣ ਲਗ ਪਏ। ਦੀਵਾਨ ਵਿਚ ਸੰਗਤਾਂ ਪਤਾਸਿਆਂ ਦਾ ਪ੍ਰਸਾਦਿ ਲਿਆਉਂਦੀਆਂ ਸਨ ਤੇ ਕਈ ਵਾਰੀ ਤਾਂ ਹਜ਼ੂਰੀ ਵਿਚ ਚੰਗਾ ਤਕੜਾ ਢੇਰ ਲਗ ਜਾਂਦਾ। ਦੀਵਾਨ ਦੀ ਸਮਾਪਤੀ ਤੇ ਦੇਗ ਜ਼ਰੂਰ ਵਰਤਦੀ ਸੀ; ਪਰੰਤੂ ਪਤਾਸਿਆਂ ਦੇ ਬੁਕ ਭਰ ਭਰ ਕੇ ਮਹਾਂਪੁਰਸ਼ ਚਾਰ ਚੁਫੇਰੇ ਛਟੇ ਮਾਰਦੇ ਸਨ। ਮਾਨੋ ਸੰਗਤਾਂ ਤੋਂ ਵਾਰਨੇ ਕਰਦੇ ਸਨ। ਬੜਾ ਉਦਾਰ ਚਿਤ ਸੀ ਬਾਬਾ ਜੀ ਦਾ। ਵਰਤਾਰਾ ਵੀ ਬਹੁਤ ਖੁਲ੍ਹਾ

ਦਿੰਦੇ, ਜਿਸ ਨੂੰ ਛਕ ਕੇ ਇਕ ਵਾਰੀ ਨਿਸ਼ਾਂ ਹੋ ਜਾਂਦੀ ਸੀ। ਇਸ ਤਰ੍ਹਾਂ ਜਦੋਂ ਦਾਤਾਂ ਵੰਡਦੇ ਤਾਂ ਵੀ ਛਟਾ ਹੀ ਮਾਰਦੇ ਤੇ ਸਭ ਨੂੰ ਰਜਾ ਦਿੰਦੇ ਸਨ। ਅਵਾਜ਼ ਮਾਰਨੀ, ਆਓ ਬਾਜਾਂ ਵਾਲੇ ਦਾ ਦਰ ਖੁਲ੍ਹਾ ਹੈ, ਖੇਤੀ ਪੱਕੀ ਹੈ, ਮੁਛ ਲਵੋ ਭਰ ਲੋ ਝੋਲੀਆਂ। ਗਰੀਬਾਂ ਨੂੰ ਆਪਣੇ ਹਥੀਂ ਵੰਡਦੇ ਤੇ ਇਕੋ ਵਰਤਾਰੇ ਨਾਲ ਉਸਦੀ ਝੋਲੀ ਭਰ ਦੇਂਦੇ ਸਨ। ਲੰਗਰ ਦੀ ਸੇਵਾ ਨੂੰ ਸਭ ਤੋਂ ਉਤਮ ਕਹਿੰਦੇ ਹੁੰਦੇ ਸਨ ਤੇ ਬੜੇ ਪ੍ਰੇਮ ਵਿਚ ਜਦੋਂ ਇਹ ਸ਼ਬਦ ਪੜ੍ਹਦੇ 'ਸੇਵਾ ਨੂੰ ਮੇਵਾ ਲਗਦਾ ਕਰਕੇ ਕੋਈ ਵੇਖ ਲੈ' ਕੋਈ ਅਕਹਿ ਰਸ ਸੀ ਉਨ੍ਹਾਂ ਦੀ ਰਸਨਾ ਵਿਚ ਜਿਹੜਾ ਵਰਨਣ ਤੋਂ ਬਾਹਰ ਸੀ। ਸ੍ਰੀਮਾਨ ਬਾਬਾ ਜੀ ਨੇ ਕਈ ਸਕੂਲ, ਗੁਰਦੁਆਰੇ ਆਦਿ ਬਣਵਾਏ ਤੇ ਬੇਅੰਤ ਪ੍ਰਾਣੀਆਂ ਨੂੰ ਨਾਮ ਵਿਚ ਲਾਕੇ ਉਨ੍ਹਾਂ ਦਾ ਉਧਾਰ ਕੀਤਾ। ਅੰਤ ਇਸ ਤਰ੍ਹਾਂ ਦੇ ਬੇਅੰਤ ਚੋਜ ਵਿਖਾਕੇ ਆਪ ਜੀ ਅਕਾਲ ਪੁਰਖ ਦੇ ਹੁਕਮ ਅਨੁਸਾਰ ੪ ਅਗਸਤ ੧੯੪੭ ਨੂੰ ਪੰਥ ਨੂੰ ਸਦੀਵੀ ਵਿਛੋੜਾ ਦੇ ਕੇ ਸ੍ਰੀ ਕਲਗੀਧਰ ਪਿਤਾ ਜੀ ਦੀ ਗੋਦ ਵਿਚ ਜਾ ਬਿਰਾਜੇ ਤੇ ਇਹ ਗੁਰੂ ਕੇ ਲੰਗਰ ਦੀ ਮਹਾਨ ਸੇਵਾ ਦਾ ਭਾਰ ਆਪਣੇ ਅਤੀ ਨਿਕਟਵਰਤੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਮੋਢਿਆਂ ਤੇ ਰਖ ਗਏ। ਬ੍ਰਹਮ ਗਿਆਨੀ ਬਾਬਾ ਜੀ ਨੇ ਬੜੀ ਲਗਨ ਤੇ ਪ੍ਰੇਮ ਸ਼ਰਧਾ ਨਾਲ ਇਸ ਸੇਵਾ ਨੂੰ ਆਯੂ ਪ੍ਰਯੰਤ ਨਿਭਾਇਆ ਤੇ ਮਹਾਂਪੁਰਸ਼ਾਂ ਦੀ ਇਸ ਲਾਈ ਫੁਲਵਾੜੀ ਨੂੰ ਹੋਰ ਵਧਾਇਆ ਫੁਲਾਇਆ। ਜਿਥੇ ਲੰਗਰ ਦੇ ਪਹਿਰੇ ਨੂੰ ਉਸੇ ਤਰ੍ਹਾਂ ਚੜ੍ਹਦੀਆਂ ਕਲਾਂ ਵਿਚ ਰਖਿਆ, ਉਥੇ ਨਾਲ ਹੀ ਗੁਰਦੁਆਰਾ ਲੰਗਰ

ਸਾਹਿਬ ਦੀ ਨਵੀਂ ਇਮਾਰਤ, ਦੀਵਾਨ ਹਾਲ, ਤੇ ਬੇਅੰਤ ਕਮਰੇ ਸੰਗਤਾਂ ਦੇ ਆਰਾਮ ਲਈ ਬਣਵਾਏ। ਪਾਣੀ ਦਾ ਯੋਗ ਪ੍ਰਬੰਧ ਕੀਤਾ ਤਾਂ ਜੋ ਸੰਗਤ ਨੂੰ ਇਸ਼ਨਾਨ ਆਦਿ ਦੀ ਸਹੂਲਤ ਹੋਵੇ। ਸੰਗਤਾਂ ਵਾਸਤੇ ਸੰਤ ਬਾਬਾ ਨਿਧਾਨ ਸਿੰਘ ਮੈਮੋਰੀਅਲ ਹਸਪਤਾਲ ਨੰਦੇੜ ਵਿਚ ਬਣਵਾਇਆ, ਜਿਸਦਾ ਸੁਖ ਸੰਗਤਾਂ ਲੈ ਰਹੀਆਂ ਹਨ; ਪਰੰਤੂ ਕਈ ਕਾਰਨਾਂ ਕਰਕੇ ਇਸ ਗੁਰਦੁਆਰਾ ਗੁਪਤਸਰ ਵਿਖੇ ਗੁਰੂ ਕੇ ਲੰਗਰ ਦਾ ਪਹਿਰਾ ਕਾਫੀ ਢਿੱਲਾ ਹੋ ਗਿਆ ਸੀ। ਸਮੇਂ ਸਿਰ ਮੁਰੰਮਤ ਨਾ ਹੋਣ ਕਰਕੇ ਇਸ ਦੀ ਇਮਾਰਤ ਵੀ ਜਰਜਰੀ ਹੋ ਗਈ ਸੀ ਤਾਂ ਆਪ ਨੇ ਆਪਣੇ ਨਿਕਟਵਰਤੀ ਸੇਵਕ ਸੰਤ ਬਾਬਾ ਆਤਮਾ ਸਿੰਘ ਜੀ ਮੋਨੀ ਦੀ ਸੇਵਾ ੧੯੬੮ ਵਿਚ ਇਸ ਅਸਥਾਨ ਤੇ ਲਾਈ। ਗੁਰਦੁਆਰਾ ਗੁਪਤਸਰ ਆਉਂਦਿਆਂ ਹੀ ਬਾਬਾ ਮੋਨੀ ਜੀ ਨੇ ਸਭ ਤੋਂ ਪਹਿਲਾਂ ਲੰਗਰ ਦੇ ਪਹਿਰੇ ਨੂੰ ਸੰਭਾਲਿਆ, ਜਿਸ ਕਰਕੇ ਗੁਰੂ ਕਾ ਲੰਗਰ ਅਠੋਂ ਪਹਿਰ ਵਰਤਨ ਲਗਾ। ਸੰਗਤ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਤੇ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ। ਫਿਰ ਸੰਗਤਾਂ ਲਈ ਨਵੇਂ ਕਮਰੇ, ਵਡਾ ਦੀਵਾਨ ਹਾਲ ਬਣਵਾਇਆ ਅਤੇ ਪਾਣੀ ਦਾ ਯੋਗ ਪ੍ਰਬੰਧ ਕੀਤਾ। ਗੁਰਦੁਆਰਾ ਸਾਹਿਬ ਦੀ ਇਮਾਰਤ ਪੁਰਾਣੀ ਤੇ ਜਰਜਰੀ ਹੋ ਚੁਕੀ ਸੀ ਉਸਦੀ ਨਵੇਂ ਸਿਰਿਉਂ ਉਸਾਰੀ ਸ਼ੁਰੂ ਕੀਤੀ ਤੇ ਦੁਬਾਰਾ ਬੜਾ ਸੁੰਦਰ ਆਲੀਸ਼ਾਨ ਦੁਮੰਜ਼ਲਾ ਗੁਰਦੁਆਰਾ ਬਣਵਾਇਆ, ਜਿਸਦੇ ਦਰਸ਼ਨ ਕਰਕੇ ਮਨ ਬਹੁਤ ਹੀ ਪ੍ਰਸੰਨ ਹੁੰਦਾ ਹੈ। ਗੁਰਦੁਆਰਾ ਸਾਹਿਬ ਦੇ ਅੰਦਰ ਤਾਂ ਦੀਵਾਰਾਂ ਤੇ, ਛਤਾਂ ਤੇ, ਸ਼ੀਸ਼ਾ ਹੀ ਸ਼ੀਸ਼ਾ

ਲਗਾ ਹੈ। ਬਾਹਰ ਸਾਰਾ ਸੰਗਮਰਮਰ ਲਗਾ ਹੈ, ਅੰਦਰ ਜਾ ਕੇ ਇਸ ਤਰ੍ਹਾਂ ਮਲੂਮ ਹੁੰਦਾ ਹੈ ਜਿਵੇਂ ਗੁਰੂ ਮਹਾਰਾਜ ਦੇ ਸ਼ੀਸ਼ ਮਹਲ ਵਿਚ ਆ ਗਏ ਹਾਂ। ਨਗਰ ਦੀ ਸੰਗਤ ਇਸ ਨੂੰ ਅਜੂਬਾ ਸਮਝ ਕੇ ਦਰਸ਼ਨਾਂ ਨੂੰ ਆਉਂਦੀ ਹੈ ਤੇ ਬੜਾ ਸੁਹਣਾ ਪ੍ਰਭਾਵ ਲੈ ਕੇ ਜਾਂਦੀ ਹੈ। ਇਥੋਂ ਦੀ ਸੇਵਾ ਸੰਪੂਰਨ ਹੋਣ ਤੇ ੧੯੭੮ ਵਿਚ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਆਪ ਜੀ ਨੂੰ ਵਾਪਸ ਗੁ: ਲੰਗਰ ਸਾਹਿਬ ਬੁਲਾ ਲਿਆ ਤੇ ਉਥੋਂ ਦੀ ਸਾਰੀ ਸੇਵਾ ਆਪ ਜੀ ਨੂੰ ਸੌਂਪ ਦਿਤੀ। ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ ੧੨ ਅਕਤੂਬਰ, ੧੯੭੯ ਨੂੰ ਜੋਤੀ ਜੋਤ ਸਮਾ ਗਏ। ਉਹਨਾਂ ਪਿਛੋਂ ਗੁਰਦੁਆਰਾ ਸਾਹਿਬ ਦੀ ਸਾਰੀ ਸੇਵਾ ਸ੍ਰੀਮਾਨ ਸੰਤ ਬਾਬਾ ਆਤਮਾ ਸਿੰਘ ਜੀ ਮੋਨੀ ਬੜੇ ਸੁਚੱਜੇ ਢੰਗ ਨਾਲ ਨਿਭਾਂਦੇ ਰਹੇ ਹਨ। ਆਪ ਬਹੁਤ ਹਠੀ, ਜਪੀ, ਤਪੀ, ਮਹਾਂਪੁਰਸ਼ਾਂ ਤੋਂ ਵਰੋਸਾਏ ਨਾਮ ਬਾਣੀ ਦੇ ਰਸੀਏ ਮਹਾਂਪੁਰਸ਼ ਸਨ ਤੇ ਆਪ ਸੰਗਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਮੋਨੀ ਜੀ ਵੀ ਇਸ ਮਹਾਨ ਸੇਵਾ ਦੀ ਜ਼ਿਮੇਵਾਰੀ ਸ੍ਰੀਮਾਨ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੌਂਪ ਕੇ ੧ ਅਕਤੂਬਰ ੧੯੮੩ ਨੂੰ ਸਚਖੰਡ ਪਿਆਨਾ ਕਰ ਗਏ। ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਸਰਪਰਸਤੀ ਹੇਠ ਇਸ਼ ਵੇਲੇ ਗੁ ਗੁਪਤਸਰ ਸਾਹਿਬ ਦੀ ਸੇਵਾ ਸ੍ਰੀਮਾਨ ਸੰਤ ਸੰਤੋਖ ਸਿੰਘ ਜੀ ਅਤੇ ਸੰਤ ਅਜੈਬ ਸਿੰਘ ਜੀ ਬੜੇ ਪ੍ਰੇਮ ਨਾਲ ਕਰਵਾ ਰਹੇ ਹਨ। ਵਡਾ ਲੰਗਰ ਹਾਲ ਨਾ ਹੋਣ ਕਰਕੇ ਬਾਰਸ਼ਾਂ ਅਤੇ ਗਰਮੀਆਂ ਦੇ ਦਿਨਾਂ ਵਿਚ ਆਈ ਸੰਗਤਾਂ ਨੂੰ ਕਾਫੀ ਖੇਚਲ ਹੁੰਦੀ

ਹੈ ਜਿਸ ਨੂੰ ਛੇਤੀ ਬਣਾਉਣ ਦਾ ਵਿਚਾਰ ਹੈ। ਸੋ ਦਾਸ ਇਥੇ ਕਲਮ ਰੋਕਦਾ ਹੋਇਆ ਇਸ ਛੋਟੀ ਜਿਹੀ ਪੁਸਤਕ ਵਿਚ ਕੁਝ ਆਈਆਂ ਤਰੁੱਟੀਆਂ ਲਈ ਸਾਰੀ ਸੰਗਤ ਤੋਂ ਖਿਮਾਂ ਦਾ ਜਾਚਕ ਹੈ ਤੇ ਆਸ ਹੈ ਕਿ ਪ੍ਰੇਮੀ ਸੱਜਣ ਆਪਣੇ ਯੋਗ ਸੁਝਾਓ ਭੇਜ ਕੇ ਦਾਸ ਨੂੰ ਕ੍ਰਿਤਾਰਥ ਕਰਨਗੇ ਤਾਂ ਜੋ ਅਗਲੀ ਐਡੀਸ਼ਨ ਵਿਚ ਸੁਧਾਈ ਕੀਤੀ ਜਾ ਸਕੇ। ਬਾਲਾ ਰਾਓ ਤੇ ਰੁਸਤਮ ਰਾਓ ਦੇ ਹੱਥਾਂ ਦੇ ਕੜੇ ਭੀ ਪੁਰਾਤਨ ਨਿਸ਼ਾਨੀ ਮੌਜੂਦ ਹਨ।

ਮਿਤੀ ੨੦-੯-੮੧ ਦਾਸ-

ਬਲਵੰਤ ਸਿੰਘ ਬੰਦੀ

ਚੰਦੀਗੜ੍ਹ

## ਜ਼ਰੂਰੀ ਬੇਨਤੀ

ਬੇਤਨੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਗੁਪਤਸਰ ਸਾਹਿਬ, ਮਨਮਾੜ, ਜ਼ਿਲਾ ਨਾਸਿਕ ਦੇ ਲੰਗਰ ਦੀ ਇਮਾਰਤ ਦਾ ਕੰਮ ਸ਼ੁਰੂ ਹੈ। ਦਾਨੀ ਸਜਣ ਆਪਣੀ ਮਾਇਆ ਇਸ ਸ਼ੁਭ ਕਾਰਜ ਲਈ ਭੇਜ ਕੇ ਸਫ਼ਲੀ ਕਰਨ।

ਮਾਇਆ ਭੇਜਣ ਲਈ ਪਤਾ -

ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਟਰਸਟ

ਮਨਮਾੜ, ਜ਼ਿਲਾ ਨਾਸਿਕ (ਮਹਾਰਾਸ਼ਟਰ)


ਪਿਨ : ੪੨੩ ੧੦੪



ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ




ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ




ਸ੍ਰੀਮਾਨ ਸਤ ਆਤਮਾ ਸਿਘ ਜੀ ਮੋਨੀ

ਗੁਰਦੁਆਰਾ ਲੰਗਰ ਸਾਹਿਬ ਨੂੰ ਪ੍ਰਗਟ ਕਰਕੇ ਦੇਗ ਚਲਾਉਣ ਦਾ, ਸ੍ਰੀਮਾਨ ੧੧੧ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਦਸਮ ਪਿਤਾ ਦਾ "ਖੀਸਾ ਮੇਰਾ ਹੱਥ ਤੇਰਾ" ਵਾਲਾ ਹੁਕਮ ਮਿਲਣ ਉਪ੍ਰੰਤ ਇਸ ਅਸਥਾਨ ਦੀ ਸੇਵਾ ਸੰਭਾਲ ਦਾ ਕੰਮ ੪ ਅਗਸਤ ੧੯੪੭ ਤਕ ਨਿਭਾ ਕੇ ਉਹ ਸਚਖੰਡ ਪਿਆਨਾ ਕਰ ਗਏ। ਉਪ੍ਰੰਤ ਸ੍ਰੀਮਾਨ ੧੦੮ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਇਸ ਸੇਵਾ ਨੂੰ ਚਾਰ ਚੰਨ ਲਗਾਏ। ੪ ਅਗਸਤ ੧੯੭੯ ਨੂੰ ਇਸ ਅਸਥਾਨ ਦੀ ਸੇਵਾ ਦਾ ਭਾਰ ਸ੍ਰੀਮਾਨ ਸੰਤ ਆਤਮਾ ਸਿੰਘ ਜੀ ਮੋਨੀ ਨੂੰ ਸੌਂਪ ਕੇ ਉਹ ੧੨ ਅਕਤੂਬਰ ੧੯੭੯ ਨੂੰ ਸਚਖੰਡ ਪਿਆਨਾ ਕਰ ਗਏ। ਸ੍ਰੀਮਾਨ ਸੰਤ ਆਤਮਾ ਸਿੰਘ ਜੀ ਮੋਨੀ ਨੇ ਇਹ ਸੇਵਾ ੪ ਅਗਸਤ ੧੯੮੩ ਨੂੰ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਸਪੁਰਦ ਕੀਤੀ ਅਤੇ ੧ ਅਕਤੂਬਰ ੧੯੮੩ ਨੂੰ ਸਚਖੰਡ ਸਿਧਾਰ ਗਏ। ਸੋ ਹੁਣ ਇਹ ਪਰਬੰਧ ਸ੍ਰੀਮਾਨ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਦੀ ਸਰਪਰਸਤੀ ਹੇਠ ਚਲ ਰਿਹਾ ਹੈ।



ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ ਦੀ ਇਤਿਹਾਸਕ ਬਾਉਲੀ



ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ, ਮਨਮਾੜ

ਕਵਾਲਿਟੀ ਪ੍ਰਿੰਟਰਜ਼, ਨਾਂਦੇੜ-੪੩੧੬੦੧